ਏਮਜ਼ ਬਠਿੰਡਾ ’ਚ ਵਿਸ਼ੇਸ਼ ਮੁਹਿੰਮ 6.0 ਸਫਲਤਾਪੂਰਵਕ ਸੰਪੰਨ, 6 ਹਜ਼ਾਰ ਵਰਗ ਫੁੱਟ ਜਗ੍ਹਾ ਕਰਵਾਈ ਖਾਲੀ

ਸਫਾਈ, ਬਾਇਓ ਮੈਡੀਕਲ ਵੇਸਟ ਪ੍ਰਬੰਧਨ ਅਤੇ ਵਾਤਾਵਰਣ ਪੱਖੀ ਉਪਰਾਲਿਆਂ ’ਤੇ ਦਿੱਤਾ ਜ਼ੋਰ



ਸਫਾਈ ਕਰਵਾ ਕੇ 6 ਹਜ਼ਾਰ ਵਰਗ ਫੁੱਟ ਜਗ੍ਹਾ ਖਾਲੀ ਕਰਵਾਉਣ ਮੌਕੇ ਸਿਹਤ ਕਰਮਚਾਰੀ। (ਮਨਜੀਤ)

ਬਠਿੰਡਾ, 4 ਨਵੰਬਰ (ਮਨਜੀਤ)–ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼) ਬਠਿੰਡਾ ਵੱਲੋਂ ਸੰਸਥਾ ਦੇ ਕਾਰਜਕਾਰੀ ਡਾਇਰੈਕਟਰ ਪ੍ਰੋ. (ਡਾ.) ਰਤਨ ਗੁਪਤਾ ਦੀ ਅਗਵਾਈ ਹੇਠ 3 ਤੋਂ 31 ਅਕਤੂਬਰ ਤੱਕ ਚਲਾਈ ਗਈ ਵਿਸ਼ੇਸ਼ ਮੁਹਿੰਮ 6.0 ਸਫਲਤਾਪੂਰਵਕ ਸੰਪੰਨ ਹੋ ਗਈ ਹੈ। ਇਸ ਮਹੀਨਾਵਾਰ ਮੁਹਿੰਮ ਦਾ ਮੁੱਖ ਉਦੇਸ਼ ਹਸਪਤਾਲ ਕੈਂਪਸ ਵਿਚ ਸਫਾਈ ਪ੍ਰਬੰਧਾਂ ਨੂੰ ਹੋਰ ਬਿਹਤਰ ਬਣਾਉਣ, ਉਪਲਬਧ ਜਗ੍ਹਾ ਦੀ ਸੁਚੱਜੀ ਵਰਤੋਂ ਕਰਨ, ਕੂੜਾ ਪ੍ਰਬੰਧਨ ਨੂੰ ਮਜ਼ਬੂਤ ਕਰਨ ਅਤੇ ਵਾਤਾਵਰਣ ਪੱਖੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਸੀ। ਇਸ ਮੁਹਿੰਮ ਦੌਰਾਨ ਕਈ ਅਹਿਮ ਪ੍ਰਾਪਤੀਆਂ ਦਰਜ ਕੀਤੀਆਂ ਗਈਆਂ।

ਮੁਹਿੰਮ ਦੀ ਸਭ ਤੋਂ ਵੱਡੀ ਪ੍ਰਾਪਤੀ ਹਸਪਤਾਲ ’ਚ ਲਗਭਗ 4,000 ਵਰਗ ਫੁੱਟ ਅਜਿਹੀ ਜਗ੍ਹਾ ਨੂੰ ਮੁੜ ਵਰਤੋਂ ਵਿਚ ਲਿਆਉਣਾ ਰਹੀ, ਜਿਹੜੀ ਪਹਿਲਾਂ ਉਸਾਰੀ ਕਾਰਜਾਂ ਲਈ ਦਫਤਰ ਵਜੋਂ ਵਰਤੀ ਜਾਂਦੀ ਸੀ। ਹੁਣ ਇਸ ਜਗ੍ਹਾ ਨੂੰ ਓਨਕੋਲੋਜੀ ਅਤੇ ਪੈਲੀਏਟਿਵ ਕੇਅਰ ਸੇਵਾਵਾਂ ਲਈ ਉਪਲਬਧ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਬੇਲੋੜੇ ਸਾਮਾਨ ਨੂੰ ਹਟਾ ਕੇ ਅਤੇ ਮੌਜੂਦਾ ਸਹੂਲਤਾਂ ਨੂੰ ਸੁਚੱਜੇ ਢੰਗ ਨਾਲ ਵਿਵਸਥਿਤ ਕਰ ਕੇ 2,000 ਵਰਗ ਫੁੱਟ ਹੋਰ ਜਗ੍ਹਾ ਖਾਲੀ ਕਰਵਾਈ ਗਈ। ਇਸ ਤਰ੍ਹਾਂ ਕੁੱਲ 6,000 ਵਰਗ ਫੁੱਟ ਜਗ੍ਹਾ ਦੀ ਬਿਹਤਰ ਵਰਤੋਂ ਦਾ ਰਾਹ ਪੱਧਰਾ ਹੋਇਆ ਹੈ।

ਇਸ ਮੁਹਿੰਮ ਤਹਿਤ ਹਸਪਤਾਲ ਦੇ ਵੱਖ-ਵੱਖ ਵਾਰਡਾਂ, ਆਈ. ਸੀ. ਯੂਜ਼, ਆਪਰੇਸ਼ਨ ਥੀਏਟਰਾਂ, ਨਰਸਿੰਗ ਸਟੇਸ਼ਨਾਂ, ਐਮਰਜੈਂਸੀ ਵਿਭਾਗਾਂ, ਪ੍ਰਯੋਗਸ਼ਾਲਾਵਾਂ, ਛੱਤਾਂ, ਪਾਰਕਿੰਗ ਖੇਤਰਾਂ ਅਤੇ ਖੁੱਲ੍ਹੀਆਂ ਥਾਵਾਂ ’ਤੇ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਗਈ। ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਨੇ ਆਪਣੇ ਕਾਰਜ ਖੇਤਰਾਂ ਦੀ ਸਫਾਈ ਕਰਨ ਦੇ ਨਾਲ-ਨਾਲ ਸਾਮਾਨ ਨੂੰ ਵਿਵਸਥਿਤ ਕਰਨ ਵਿਚ ਵੀ ਸਰਗਰਮ ਭੂਮਿਕਾ ਨਿਭਾਈ।

ਬਾਇਓਮੈਡੀਕਲ ਵੇਸਟ ਦੇ ਸਹੀ ਪ੍ਰਬੰਧਨ ਅਤੇ ਇਨਫੈਕਸ਼ਨ ਕੰਟਰੋਲ ਨੂੰ ਵੀ ਮੁਹਿੰਮ ਦੌਰਾਨ ਵਿਸ਼ੇਸ਼ ਤਰਜੀਹ ਦਿੱਤੀ ਗਈ। ਇਸ ਮਕਸਦ ਲਈ ਨਵੀਆਂ ਵੇਸਟ ਕੁਲੈਕਸ਼ਨ ਟਰਾਲੀਆਂ ਖਰੀਦੀਆਂ ਗਈਆਂ ਅਤੇ ਸਿਹਤ ਸੰਭਾਲ ਤੇ ਸਫਾਈ ਕਰਮਚਾਰੀਆਂ ਨੂੰ ਕੂੜੇ ਦੀਆਂ ਵੱਖ-ਵੱਖ ਸ਼੍ਰੇਣੀਆਂ ਅਨੁਸਾਰ ਵੱਖਰੇ ਤੌਰ ’ਤੇ ਨਿਪਟਾਰੇ, ਸੁਰੱਖਿਅਤ ਢੰਗ ਨਾਲ ਸੰਭਾਲ ਅਤੇ ਇਨਫੈਕਸ਼ਨ ਤੋਂ ਬਚਾਅ ਸਬੰਧੀ ਸਿਖਲਾਈ ਦਿੱਤੀ ਗਈ।

ਵਾਤਾਵਰਣ ਦੀ ਸੰਭਾਲ ਅਤੇ ਕੂੜੇ ਦੀ ਮੁੜ ਵਰਤੋਂ ਨੂੰ ਉਤਸ਼ਾਹਿਤ ਕਰਦਿਆਂ ਲਗਭਗ ਛੇ ਟਨ ਇਕੱਠੇ ਹੋਏ ਗੱਤੇ ਨੂੰ ਰੀਸਾਈਕਲਿੰਗ ਅਤੇ ਇਸ ਰਾਹੀਂ ਆਮਦਨ ਪੈਦਾ ਕਰਨ ਲਈ ਚਿੰਨ੍ਹਿਤ ਕੀਤਾ ਗਿਆ। ਇਸ ਦੇ ਨਾਲ ਹੀ ਈ-ਵੇਸਟ ਅਤੇ ਕਬਾੜ ਦੇ ਨਿਪਟਾਰੇ, ਲੰਬਿਤ ਫਾਈਲਾਂ ਦੇ ਨਿਪਟਾਰੇ, ਰਿਕਾਰਡਾਂ ਦੀ ਬਿਹਤਰ ਸਾਂਭ-ਸੰਭਾਲ ਅਤੇ ਹਸਪਤਾਲ ਦੇ ਫਰਨੀਚਰ ਤੇ ਉਪਕਰਨਾਂ ਦੀ ਮੁਰੰਮਤ ਵੱਲ ਵੀ ਧਿਆਨ ਦਿੱਤਾ ਗਿਆ।

30 ਅਕਤੂਬਰ ਨੂੰ ਅੰਦਰੂਨੀ ਸ਼ਿਕਾਇਤ ਕਮੇਟੀ ਦੇ ਸਹਿਯੋਗ ਨਾਲ ਜਿਣਸੀ ਸ਼ੋਸ਼ਣ ਦੀ ਰੋਕਥਾਮ ਸਬੰਧੀ ਪੋਸ਼ ਐਕਟ ਬਾਰੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਚ ਸਫਾਈ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਕੰਮ ਵਾਲੀ ਥਾਂ ’ਤੇ ਸਨਮਾਨ, ਸੁਰੱਖਿਆ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਗਈ। ਸੰਸਥਾ ਵੱਲੋਂ ਹਸਪਤਾਲ ਦੇ ਸਾਫ-ਸੁਥਰੇ ਅਤੇ ਸੁਚਾਰੂ ਵਾਤਾਵਰਣ ਨੂੰ ਬਣਾਈ ਰੱਖਣ ’ਚ ਸਫਾਈ ਅਤੇ ਸਹਾਇਕ ਸਟਾਫ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ ਗਈ। ਇਸੇ ਦੌਰਾਨ 28 ਅਕਤੂਬਰ ਨੂੰ ਸਰਕਾਰੀ ਮੈਡੀਕਲ ਕਾਲਜ ਚੰਡੀਗੜ੍ਹ ਤੋਂ ਕਾਇਆਕਲਪ ਪੀਅਰ ਅਸੈਸਮੈਂਟ ਟੀਮ ਨੇ ਏਮਜ਼ ਬਠਿੰਡਾ ਦਾ ਦੌਰਾ ਕੀਤਾ। ਟੀਮ ਵੱਲੋਂ ਹਸਪਤਾਲ ’ਚ ਸਫਾਈ, ਸੈਨੀਟੇਸ਼ਨ, ਬਾਇਓਮੈਡੀਕਲ ਵੇਸਟ ਪ੍ਰਬੰਧਨ ਅਤੇ ਇਨਫੈਕਸ਼ਨ ਕੰਟਰੋਲ ਨਾਲ ਸਬੰਧਤ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।

ਇਹ ਮੁਹਿੰਮ ਮੁੱਖ ਤੌਰ ’ਤੇ ਸਫਾਈ, ਜਗ੍ਹਾ ਪ੍ਰਬੰਧਨ, ਈ-ਵੇਸਟ ਦੇ ਨਿਪਟਾਰੇ, ਰਿਕਾਰਡਾਂ ਅਤੇ ਲੰਬਿਤ ਮਾਮਲਿਆਂ ਦੇ ਨਿਪਟਾਰੇ ਅਤੇ ਕਬਾੜ ਪ੍ਰਬੰਧਨ ਸਮੇਤ ਪੰਜ ਪ੍ਰਮੁੱਖ ਖੇਤਰਾਂ ’ਤੇ ਕੇਂਦਰਿਤ ਰਹੀ। ਇਸ ’ਚ ਡਾਕਟਰਾਂ, ਨਰਸਿੰਗ ਸਟਾਫ, ਪ੍ਰਸ਼ਾਸਨਿਕ ਅਧਿਕਾਰੀਆਂ, ਸਫਾਈ ਕਰਮਚਾਰੀਆਂ ਅਤੇ ਹੋਰ ਮੁਲਾਜ਼ਮਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਏਮਜ਼ ਬਠਿੰਡਾ ਪ੍ਰਬੰਧਨ ਨੇ ਸਪੱਸ਼ਟ ਕੀਤਾ ਕਿ ਇਹ ਉਪਰਾਲੇ ਸਿਰਫ ਮੁਹਿੰਮ ਤਕ ਸੀਮਤ ਨਹੀਂ ਰਹਿਣਗੇ, ਸਗੋਂ ਨਿਯਮਤ ਸਫਾਈ ਮੁਹਿੰਮਾਂ, ਕੂੜੇ ਦੀ ਸਹੀ ਵੰਡ, ਹਸਪਤਾਲ ਦੀਆਂ ਸਹੂਲਤਾਂ ਦੀ ਬਿਹਤਰ ਸਾਂਭ-ਸੰਭਾਲ ਅਤੇ ਸਰੋਤਾਂ ਦੀ ਸੁਚੱਜੀ ਵਰਤੋਂ ਰਾਹੀਂ ਇਨ੍ਹਾਂ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ।

ਇਸ ਦਾ ਮੁੱਖ ਮਕਸਦ ਮਰੀਜ਼ਾਂ ਨੂੰ ਸਾਫ-ਸੁਥਰਾ, ਸੁਰੱਖਿਅਤ ਅਤੇ ਬਿਹਤਰ ਸਿਹਤ ਸੇਵਾਵਾਂ ਵਾਲਾ ਵਾਤਾਵਰਣ ਮੁਹੱਈਆ ਕਰਵਾਉਣਾ ਹੈ।

ਠੇਕੇ ਦੇ ਕਰਿੰਦਿਆਂ ਵੱਲੋਂ ਕਾਰੋਬਾਰੀ ਨਾਲ ਕੁੱਟਮਾਰ

ਮੋਹਾਲੀ, 4 ਨਵੰਬਰ (ਜੱਸੀ): ਨਿਊ ਚੰਡੀਗੜ੍ਹ ਦੇ ਮੁੱਲਾਂਪੁਰ ਬੈਰੀਅਰ ਸਥਿਤ ਸ਼ਰਾਬ ਠੇਕੇ ’ਤੇ ਬੋਤਲ ਦੀ ਕੀਮਤ ਨੂੰ ਲੈ ਕੇ ਹੋਇਆ ਵਿਵਾਦ ਕੁੱਟਮਾਰ ਤੱਕ ਪਹੁੰਚ ਗਿਆ। ਠੇਕੇ ’ਤੇ ਕੰਮ ਕਰਨ ਵਾਲੇ ਕਰਿੰਦਿਆਂ ’ਤੇ ਰੀਅਲ ਅਸਟੇਟ ਕਾਰੋਬਾਰੀ ਤੇ ਉਸ ਨਾਲ ਮੌਜੂਦ ਲੜਕੀ ’ਤੇ ਹਮਲਾ ਕਰ ਦਿੱਤਾ। ਦੋਸ਼ ਹੈ ਕਿ ਲੜਕੀ ਨੇ ਜਦੋਂ ਘਟਨਾ ਦੀ ਵੀਡੀਓ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਹਮਲਾਵਰਾਂ ਨੇ ਉਸ ਦਾ ਤੇ ਕਾਰੋਬਾਰੀ ਦਾ ਆਈਫੋਨ ਖੋਹ ਕੇ ਤੋੜ ਦਿੱਤਾ। ਹਮਲੇ ’ਚ ਕਾਰੋਬਾਰੀ ਗੰਭੀਰ ਜ਼ਖ਼ਮੀ ਹੋ ਗਿਆ। ਪੁਲਸ ਨੇ ਚਾਰ ਵਿਅਕਤੀਆਂ ਖ਼ਿਲਾਫ਼ ਪਰਚਾ ਦਰਜ ਕਰਕੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪੁਲਸ ਸ਼ਿਕਾਇਤ ’ਚ ਰੀਅਲ ਅਸਟੇਟ ਕਾਰੋਬਾਰੀ ਅਭੈ ਕਰਨ ਸਿੰਘ ਨੇ ਦੱਸਿਆ ਕਿ 25 ਅਕਤੂਬਰ ਰਾਤ ਕਰੀਬ 1 ਵਜੇ ਉਹ ਜਾਣਕਾਰ ਲੜਕੀ ਨਾਲ ਕਾਰ ’ਚ ਜਾ ਰਿਹਾ ਸੀ। ਇਸ ਦੌਰਾਨ ਉਹ ਮੁੱਲਾਂਪੁਰ ਬੈਰੀਅਰ ਸਥਿਤ ਸ਼ਰਾਬ ਠੇਕੇ ’ਤੇ ਬੋਤਲ ਖਰੀਦਣ ਲਈ ਰੁਕੇ। ਉਸ ਨੇ ਠੇਕੇ ਦੇ ਸ਼ਟਰ ’ਤੇ ਦਸਤਕ ਦੇ ਕੇ ਸ਼ਰਾਬ ਦੀ ਬੋਤਲ ਮੰਗੀ ਤਾਂ ਉੱਥੇ ਮੌਜੂਦ ਕਰਿੰਦਿਆਂ ਨੇ ਉਸ ਤੋਂ ਵੱਧ ਕੀਮਤ ਮੰਗੀ। ਅਭੈ ਅਨੁਸਾਰ ਉਸ ਨੇ ਕਰਿੰਦਿਆਂ ਨੂੰ ਦੱਸਿਆ ਕਿ ਠੇਕੇ ’ਚ ਉਸ ਦਾ ਇਕ ਜਾਣਕਾਰ ਵੀ ਭਾਈਵਾਲ ਹੈ ਤੇ ਰਾਤ ਦਾ ਸਮਾਂ ਨਾ ਹੁੰਦਾ ਤਾਂ ਉਹ ਉਸ ਦੀ ਗੱਲ ਵੀ ਕਰਵਾ ਦਿੰਦਾ ਪਰ ਕਰਿੰਦਿਆਂ ਨੇ ਉਸ ਦੀ ਗੱਲ ਸੁਣਨ ਦੀ ਬਜਾਏ ਬਹਿਸ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਨ੍ਹਾਂ ਨੇ ਨਾਲ ਆਈ ਲੜਕੀ ਬਾਰੇ ਵੀ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ, ਜਿਸ ਕਾਰਨ ਵਿਵਾਦ ਹੋਰ ਵਧ ਗਿਆ।

ਅਭੈ ਨੇ ਦੋਸ਼ ਲਾਇਆ ਕਿ ਜਦੋਂ ਲੜਕੀ ਨੇ ਹਮਲੇ ਦੀ ਵੀਡੀਓ ਬਣਾਉਣੀ ਸ਼ੁਰੂ ਕੀਤੀ ਤਾਂ ਕਰਿੰਦਿਆਂ ਨੇ ਉਸ ਦਾ ਤੇ ਅਭੈ ਦਾ ਆਈਫੋਨ ਖੋਹ ਲਿਆ ਤੇ ਦੋਵੇਂ ਮੋਬਾਈਲ ਤੋੜ ਦਿੱਤੇ। ਰੌਲਾ ਸੁਣ ਕੇ ਮੌਕੇ ’ਤੇ ਲੋਕ ਇਕੱਠੇ ਹੋ ਗਏ, ਜਿਨ੍ਹਾਂ ਨੇ ਦੋਵਾਂ ਨੂੰ ਹਮਲਾਵਰਾਂ ਤੋਂ ਬਚਾਇਆ ਤੇ ਪੁਲਸ ਨੂੰ ਸੂਚਨਾ ਦਿੱਤੀ। ਜ਼ਖ਼ਮੀ ਅਭੈ ਨੂੰ ਚੰਡੀਗੜ੍ਹ ਸੈਕਟਰ-16 ਸਥਿਤ ਹਸਪਤਾਲ ’ਚ ਦਾਖ਼ਲ ਕਰਵਾਇਆ ਗਿਆ। ਥਾਣਾ ਮੁੱਲਾਂਪੁਰ ਦੇ ਮੁਖੀ ਅਮਨ ਤਰੀਕਾ ਨੇ ਦੱਸਿਆ ਕਿ ਪੁਲਸ ਨੇ ਜਗਦੀਪ ਸਿੰਘ, ਅਯੂਬ ਖਾਨ, ਅਭਿਨੰਦਨ ਠਾਕੁਰ ਤੇ ਸੈਲ ਸਿੰਘ ਖ਼ਿਲਾਫ਼ ਪਰਚਾ ਦਰਜ ਕੀਤਾ ਹੈ। ਇਨ੍ਹਾਂ ’ਚੋਂ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਜਦਕਿ ਮਾਮਲੇ ਦੀ ਜਾਂਚ ਜਾਰੀ ਹੈ।

ਅਕਾਲੀ ਦਲ ਵੱਲੋਂ ਪ੍ਰੋ. ਚੰਦੂਮਾਜਰਾ ਦੇ ਪੰਥਕ ਏਕੇ ਦੇ ਸੱਦੇ ਦਾ ਸਵਾਗਤ

ਭੂੰਦੜ ਨੇ ਪੁਰਾਣੇ ਆਗੂਆਂ ਨੂੰ ਮੁੜ ਪਾਰਟੀ ’ਚ ਸ਼ਾਮਲ ਹੋਣ ਦੀ ਕੀਤੀ ਅਪੀਲ



ਮੀਟਿੰਗ ਦੌਰਾਨ ਬਲਵਿੰਦਰ ਸਿੰਘ ਭੂੰਦੜ ਤੇ ਹੋਰ।

ਚੰਡੀਗੜ੍ਹ, 4 ਨਵੰਬਰ (ਅੰਕੁਰ) : ਸ਼੍ਰੋਮਣੀ ਅਕਾਲੀ ਦਲ ਨੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਅਕਾਲੀ ਦਲ ਪੁਨਰ-ਸੁਰਜੀਤ ਤੋਂ ਵੱਖ ਹੋਣ ਤੇ ਪੰਥਕ ਏਕੇ ਦਾ ਸੱਦਾ ਦੇਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਪਾਰਟੀ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਸਾਰੇ ਪੰਥਕ ਆਗੂਆਂ ਨੂੰ ਅਕਾਲੀ ਦਲ ਦੇ ਝੰਡੇ ਹੇਠ ਇਕੱਠੇ ਹੋ ਕੇ ਪੰਜਾਬ ਦੀ ਭਲਾਈ ਤੇ ਵਿਕਾਸ ਲਈ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਪਾਰਟੀ ਤੋਂ ਵੱਖ ਹੋਏ ਸੀਨੀਅਰ ਆਗੂਆਂ ਨੂੰ ਵੀ ਵਾਪਸ ਆਉਣ ਦਾ ਸੱਦਾ ਦਿੱਤਾ।

ਇਸ ਦੌਰਾਨ ਭੂੰਦੜ ਦੀ ਅਗਵਾਈ ਹੇਠ ਹੋਈ ਚੋਣ ਮਨੋਰਥ ਪੱਤਰ ਕਮੇਟੀ ਦੀ ਮੀਟਿੰਗ ’ਚ ਟਰਾਂਸਪੋਰਟ, ਚੌਕੀਦਾਰ, ਮੁਲਾਜ਼ਮ, ਆਂਗਣਵਾੜੀ, ਆਸ਼ਾ ਤੇ ਮਿਡ-ਡੇ-ਮੀਲ ਵਰਕਰ ਯੂਨੀਅਨਾਂ ਨਾਲ ਗੱਲਬਾਤ ਕੀਤੀ ਗਈ। ਕਮੇਟੀ ਨੇ ਉਨ੍ਹਾਂ ਦੀਆਂ ਮੰਗਾਂ ਅਤੇ ਸੁਝਾਅ ਚੋਣ ਮਨੋਰਥ ਪੱਤਰ ’ਚ ਸ਼ਾਮਲ ਕਰਨ ਦਾ ਭਰੋਸਾ ਦਿੱਤਾ। ਪਾਰਟੀ ਨੇ ਚੋਣ ਮਨੋਰਥ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਅਤੇ ਵਾਅਦੇ ਪੂਰੇ ਕਰਨਾ ਲਾਜ਼ਮੀ ਕਰਨ ਦੀ ਮੰਗ ਵੀ ਦੁਹਰਾਈ।

ਫਰਨੀਚਰ ਮਾਰਕੀਟ ’ਚ ਲੱਗੀ ਭਿਆਨਕ ਅੱਗ, 18 ਖੋਖੇ ਸੁਆਹ

ਜ਼ੀਰਕਪੁਰ, 4 ਨਵੰਬਰ (ਧੀਮਾਨ): ਬਲਟਾਣਾ ਦੀ ਫਰਨੀਚਰ ਮਾਰਕੀਟ ’ਚ ਬੁੱਧਵਾਰ ਤੜਕਸਾਰ ਲੱਗੀ ਅੱਗ ਨੇ ਇਕ ਵਾਰ ਫਿਰ ਦੁਕਾਨਦਾਰਾਂ ਦੀ ਸਾਲਾਂ ਦੀ ਕਮਾਈ ਸਾੜ ਕੇ ਸੁਆਹ ਕਰ ਦਿੱਤੀ। ਅੱਗ ਇੰਨੀ ਭਿਆਨਕ ਸੀ ਕਿ ਇਸ ਦੀ ਲਪਟ ’ਚ ਆ ਕੇ ਕਰੀਬ 18 ਖੋਖੇ ਪੂਰੀ ਤਰ੍ਹਾਂ ਸੜ ਗਏ। ਇਨ੍ਹਾਂ ’ਚ ਰੱਖਿਆ ਤਿਆਰ ਫਰਨੀਚਰ, ਲੱਕੜ, ਫੋਮ, ਕੱਪੜਾ ਤੇ ਹੋਰ ਕੀਮਤੀ ਸਾਮਾਨ ਵੀ ਨਸ਼ਟ ਹੋ ਗਿਆ। ਮੁੱਢਲੇ ਅੰਦਾਜ਼ੇ ਮੁਤਾਬਕ ਨੁਕਸਾਨ ਲੱਖਾਂ ਰੁਪਏ ਦਾ ਹੈ। ਇਸ ਘਟਨਾ ਨੇ ਇਕ ਵਾਰ ਫਿਰ ਮਾਰਕੀਟ ’ਚ ਅੱਗ ਤੋਂ ਬਚਾਅ ਦੇ ਪ੍ਰਬੰਧਾਂ ਤੇ ਦੁਕਾਨਦਾਰਾਂ ਦੀ ਸੁਰੱਖਿਆ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਜਾਣਕਾਰੀ ਮੁਤਾਬਕ ਅੱਗ ਲੱਗਣ ਸਮੇਂ ਫਰਨੀਚਰ ਤਿਆਰ ਕਰਨ ਲਈ ਬਣਾਈਆਂ ਗਈਆਂ ਵਰਕਸ਼ਾਪਾਂ ਬੰਦ ਸਨ। ਦੇਖਦੇ ਹੀ ਦੇਖਦੇ ਅੱਗ ਨੇ ਕਈ ਖੋਖਿਆਂ ਨੂੰ ਆਪਣੀ ਲਪਟ ’ਚ ਲੈ ਲਿਆ। ਮਾਰਕੀਟ ’ਚ ਲੱਕੜ, ਫੋਮ ਤੇ ਕੱਪੜੇ ਵਰਗਾ ਜਲਣਸ਼ੀਲ ਸਾਮਾਨ ਵੱਡੀ ਮਾਤਰਾ ’ਚ ਪਿਆ ਹੋਣ ਕਾਰਨ ਅੱਗ ਤੇਜ਼ੀ ਨਾਲ ਫੈਲਦੀ ਗਈ। ਅੱਗ ਦੀ ਗੰਭੀਰਤਾ ਨੂੰ ਦੇਖਦਿਆਂ ਫਾਇਰ ਵਿਭਾਗ ਵੱਲੋਂ ਚੰਡੀਗੜ੍ਹ, ਜ਼ੀਰਕਪੁਰ, ਡੇਰਾਬਸੀ, ਪੰਚਕੂਲਾ ਤੇ ਹਾਈ ਗਰਾਊਂਡ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੰਗਵਾਈਆਂ ਗਈਆਂ। ਅੱਗ ਬੁਝਾਉਣ ਦੌਰਾਨ ਗੱਡੀਆਂ ਨੂੰ ਮੁੜ ਪਾਣੀ ਨਾਲ ਭਰ ਕੇ ਕਾਰਵਾਈ ਜਾਰੀ ਰੱਖਣੀ ਪਈ। ਕਾਫ਼ੀ ਮੁਸ਼ੱਕਤ ਤੋਂ ਬਾਅਦ ਅੱਗ ’ਤੇ ਕਾਬੂ ਪਾਇਆ ਗਿਆ।

ਦੀਵਾਲੀ ਦਾ ਸੀਜ਼ਨ ਹੋਣ ਕਾਰਨ ਇਨ੍ਹੀਂ ਦਿਨੀਂ ਫਰਨੀਚਰ ਮਾਰਕੀਟ ’ਚ ਕੰਮ ਦਾ ਦਬਾਅ ਵਧਿਆ ਹੋਇਆ ਹੈ। ਫਰਨੀਚਰ ਤਿਆਰ ਕਰਨ ਵਾਲੇ ਕਈ ਮਿਸਤਰੀ 24 ਘੰਟੇ ਇੱਥੇ ਰਹਿ ਕੇ ਕੰਮ ਕਰਦੇ ਹਨ। ਗਨੀਮਤ ਰਹੀ ਕਿ ਅੱਗ ਲੱਗਣ ਸਮੇਂ ਰਾਤ ਨੂੰ ਕੋਈ ਮਿਸਤਰੀ ਮੌਜੂਦ ਨਹੀਂ ਸੀ, ਨਹੀਂ ਤਾਂ ਜਾਨੀ ਨੁਕਸਾਨ ਹੋਣ ਦਾ ਖ਼ਦਸ਼ਾ ਵੀ ਬਣ ਸਕਦਾ ਸੀ। ਅੱਗ ਸਮੇਂ ਸਿਰ ਕਾਬੂ ਨਾ ਆਉਂਦੀ ਤਾਂ ਇਹ ਨੇੜਲੇ ਪੰਜਾਬ ਮਾਡਰਨ ਕੰਪਲੈਕਸ ਕਲੋਨੀ ਤੇ ਪਿੰਡ ਬਲਟਾਣਾ ਲਈ ਵੀ ਵੱਡਾ ਖ਼ਤਰਾ ਬਣ ਸਕਦੀ ਸੀ।

ਜ਼ੀਰਕਪੁਰ ਦੇ ਫਾਇਰ ਅਫ਼ਸਰ ਰਾਜੀਵ ਕੁਮਾਰ ਨੇ ਦੱਸਿਆ ਕਿ ਫਾਇਰ ਵਿਭਾਗ ਦੀਆਂ ਟੀਮਾਂ ਨੇ ਅੱਗ ’ਤੇ ਕਾਬੂ ਪਾ ਲਿਆ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਸਮੇਂ-ਸਮੇਂ ’ਤੇ ਦੁਕਾਨਦਾਰਾਂ ਨੂੰ ਅੱਗ ਬੁਝਾਉਣ ਵਾਲੇ ਯੰਤਰ ਰੱਖਣ ਅਤੇ ਸੁਰੱਖਿਆ ਸਬੰਧੀ ਸਾਵਧਾਨੀਆਂ ਵਰਤਣ ਲਈ ਜਾਗਰੂਕ ਕੀਤਾ ਜਾਂਦਾ ਹੈ ਪਰ ਦੁਕਾਨਦਾਰ ਇਸ ਪ੍ਰਤੀ ਗੰਭੀਰਤਾ ਨਹੀਂ ਦਿਖਾ ਰਹੇ।

ਇਸ ਮਾਰਕੀਟ ’ਚ ਅੱਗ ਲੱਗਣ ਦੀ ਇਹ ਪਹਿਲੀ ਘਟਨਾ ਨਹੀਂ ਹੈ। 2024 ’ਚ ਵੀ ਇਸੇ ਥਾਂ ਭਿਆਨਕ ਅੱਗ ਲੱਗੀ ਸੀ, ਜਿਸ ਕਾਰਨ ਦੁਕਾਨਦਾਰਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਸੀ। ਪਿਛਲੀ ਘਟਨਾ ਦੇ ਬਾਵਜੂਦ ਇਸ ਵਾਰ ਵੀ ਅੱਗ ਤੋਂ ਬਚਾਅ ਦੇ ਪੁਖ਼ਤਾ ਪ੍ਰਬੰਧ ਨਜ਼ਰ ਨਹੀਂ ਆਏ। ਜਾਣਕਾਰੀ ਮੁਤਾਬਕ ਕਰੀਬ 80 ਫ਼ੀਸਦੀ ਦੁਕਾਨਦਾਰਾਂ ਕੋਲ ਅੱਗ ਬੁਝਾਉਣ ਵਾਲੇ ਯੰਤਰ ਮੌਜੂਦ ਨਹੀਂ ਹਨ। ਅਜਿਹੇ ’ਚ ਸਵਾਲ ਉੱਠਦਾ ਹੈ ਕਿ ਪਿਛਲੇ ਹਾਦਸੇ ਤੋਂ ਬਾਅਦ ਦੁਕਾਨਦਾਰਾਂ ਤੇ ਸਬੰਧਤ ਪ੍ਰਸ਼ਾਸਨ ਵੱਲੋਂ ਸੁਰੱਖਿਆ ਲਈ ਕੀ ਕਦਮ ਚੁੱਕੇ ਗਏ।

ਜਬਰ-ਜ਼ਨਾਹ ਦੇ ਦੋਸ਼ੀ ਨੂੰ 10 ਸਾਲ ਦੀ ਕੈਦ

ਮੋਹਾਲੀ, 4 ਨਵੰਬਰ (ਜੱਸੀ) : ਔਰਤ ਨੂੰ ਨਸ਼ੀਲਾ ਪਦਾਰਥ ਸੁੰਘਾ ਕੇ ਜ਼ਬਰ-ਜ਼ਨਾਹ, ਅਸ਼ਲੀਲ ਤਸਵੀਰਾਂ ਖਿੱਚਣ ਤੇ ਬਾਅਦ ’ਚ ਉਨ੍ਹਾਂ ਨੂੰ ਸੋਸ਼ਲ ਮੀਡੀਆ ’ਤੇ ਵਾਇਰਲ ਕਰਨ ਦੇ ਮਾਮਲੇ ’ਚ ਅਦਾਲਤ ਨੇ ਦੋਸ਼ੀ ਨੂੰ 10 ਸਾਲ ਦੀ ਕੈਦ ਤੇ 30 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਦੋਸ਼ੀ ਦੀ ਪਛਾਣ ਰੋਹਤਾਸ਼ ਕੁਮਾਰ ਵਾਸੀ ਉੱਤਰ ਪ੍ਰਦੇਸ਼ ਵਜੋਂ ਹੋਈ ਹੈ। ਵਧੀਕ ਜ਼ਿਲ੍ਹਾ ਤੇ ਸਪੈਸ਼ਲ ਜੱਜ ਵਿਕਰਾਂਤ ਕੁਮਾਰ ਦੀ ਅਦਾਲਤ ਨੇ ਸਰਕਾਰੀ ਤੇ ਬਚਾਅ ਧਿਰ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਹ ਫ਼ੈਸਲਾ ਸੁਣਾਇਆ।

ਅਦਾਲਤ ਨੇ ਮੁਲਜ਼ਮ ਨੂੰ ਧਾਰਾ 376 ਤਹਿਤ 10 ਸਾਲ ਦੀ ਕੈਦ ਤੇ 20 ਹਜ਼ਾਰ ਰੁਪਏ ਜੁਰਮਾਨਾ, ਧਾਰਾ 328 ਤਹਿਤ 5 ਸਾਲ ਕੈਦ ਤੇ 5 ਹਜ਼ਾਰ ਰੁਪਏ ਜੁਰਮਾਨਾ ਤੇ ਆਈ.ਟੀ. ਐਕਟ ਦੀ ਧਾਰਾ 67ਏ ਤਹਿਤ 3 ਸਾਲ ਕੈਦ ਤੇ 5 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ’ਚ ਦੋਸ਼ੀ ਨੂੰ 6 ਮਹੀਨੇ ਦੀ ਵਾਧੂ ਕੈਦ ਕੱਟਣੀ ਪਵੇਗੀ। ਸਰਕਾਰੀ ਧਿਰ ਵੱਲੋਂ ਕੇਸ ਦੀ ਪੈਰਵੀ ਡਿਪਟੀ ਜ਼ਿਲ੍ਹਾ ਅਟਾਰਨੀ ਹਰਦੀਪ ਸਿੰਘ ਰੁਮਾਣਾ ਨੇ ਕੀਤੀ।

ਪੀੜਤਾ ਨੇ ਸ਼ਿਕਾਇਤ ’ਚ ਦੱਸਿਆ ਕਿ ਬਦਨਾਮੀ ਦੇ ਡਰ ਕਾਰਨ ਉਸ ਨੇ ਦੋਸ਼ੀ ਨੂੰ 17 ਹਜ਼ਾਰ ਰੁਪਏ ਦਾ ਮੋਬਾਈਲ ਫੋਨ, ਸੋਨੇ ਦੀ ਮੁੰਦਰੀ, ਗਲੇ ਦਾ ਲਾਕਟ ਤੇ ਕਾਫ਼ੀ ਨਕਦੀ ਦਿੱਤੀ। ਇਸ ਦੇ ਬਾਵਜੂਦ ਦੋਸ਼ੀ ਦੀਆਂ ਹਰਕਤਾਂ ਬੰਦ ਨਹੀਂ ਹੋਈਆਂ। ਆਖ਼ਰਕਾਰ ਉਸ ਨੇ ਸਾਰੀ ਗੱਲ ਆਪਣੇ ਪਤੀ ਨੂੰ ਦੱਸ ਦਿੱਤੀ। ਪਤੀ ਵੱਲੋਂ ਰੋਹਤਾਸ਼ ਨੂੰ ਸਮਝਾਉਣ ਦੇ ਬਾਵਜੂਦ ਉਹ ਔਰਤ ਨੂੰ ਬਲੈਕਮੇਲ ਕਰਦਾ ਰਿਹਾ। ਪੀੜਤਾ ਅਨੁਸਾਰ ਦੋਸ਼ੀ ਨੇ ਉਸ ਦੀਆਂ ਅਸ਼ਲੀਲ ਤਸਵੀਰਾਂ ਸੋਸ਼ਲ ਮੀਡੀਆ, ਵ੍ਹਟਸਐਪ ਤੇ ਫੇਸਬੁੱਕ ’ਤੇ ਪਾਉਣ ਤੋਂ ਇਲਾਵਾ ਉਸ ਦੇ ਮਕਾਨ ਮਾਲਕ ਤੇ ਰਿਸ਼ਤੇਦਾਰਾਂ ਨੂੰ ਵੀ ਭੇਜ ਦਿੱਤੀਆਂ। ਇਸ ਬਾਰੇ ਉਸ ਨੂੰ ਆਪਣੇ ਰਿਸ਼ਤੇਦਾਰਾਂ ਤੇ ਮਕਾਨ ਮਾਲਕ ਤੋਂ ਪਤਾ ਲੱਗਾ। ਇਸ ਤੋਂ ਬਾਅਦ ਉਸ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ।

ਜਾਣਕਾਰੀ ਅਨੁਸਾਰ ਪੀੜਤਾ ਨੇ ਬਲੌਂਗੀ ਪੁਲਸ ਨੂੰ ਦਿੱਤੀ ਸ਼ਿਕਾਇਤ ’ਚ ਦੱਸਿਆ ਸੀ ਕਿ ਰੋਹਤਾਸ਼ ਕੁਮਾਰ ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਹੈ ਤੇ ਉਹ ਪਹਿਲਾਂ ਤੋਂ ਉਸ ਨੂੰ ਜਾਣਦਾ ਸੀ। ਜਦੋਂ ਉਹ ਮੋਹਾਲੀ ’ਚ ਨੌਕਰੀ ਕਰਨ ਲਈ ਆਇਆ ਤਾਂ ਜਾਣ-ਪਛਾਣ ਹੋਣ ਕਾਰਨ ਪੀੜਤਾ ਨੇ ਉਸ ਨੂੰ ਆਪਣੇ ਗੁਆਂਢ ’ਚ ਹੀ ਕਿਰਾਏ ’ਤੇ ਕਮਰਾ ਦਿਵਾ ਦਿੱਤਾ। ਨੌਕਰੀ ਨਾ ਮਿਲਣ ਤੱਕ ਉਹ ਉਸ ਨੂੰ ਗੁਆਂਢੀ ਸਮਝ ਕੇ ਖਾਣਾ ਵੀ ਬਣਾ ਕੇ ਦਿੰਦੀ ਰਹੀ। ਪੀੜਤਾ ਮੁਤਾਬਕ ਇਕ ਦਿਨ ਜਦੋਂ ਉਹ ਰੋਹਤਾਸ਼ ਨੂੰ ਖਾਣਾ ਦੇਣ ਲਈ ਉਸ ਦੇ ਕਮਰੇ ’ਚ ਗਈ ਤਾਂ ਉਸ ਨੇ ਉਸ ਨੂੰ ਕੋਈ ਨਸ਼ੀਲਾ ਪਦਾਰਥ ਸੁੰਘਾ ਦਿੱਤਾ। ਇਸ ਕਾਰਨ ਉਹ ਬੇਹੋਸ਼ ਹੋ ਗਈ। ਇਸ ਦੌਰਾਨ ਦੋਸ਼ੀ ਨੇ ਉਸ ਨਾਲ ਜ਼ਬਰ-ਜ਼ਨਾਹ ਕੀਤਾ ਤੇ ਅਸ਼ਲੀਲ ਤਸਵੀਰਾਂ ਖਿੱਚ ਲਈਆਂ। ਬਾਅਦ ’ਚ ਇਨ੍ਹਾਂ ਤਸਵੀਰਾਂ ਦੇ ਆਧਾਰ ’ਤੇ ਉਸ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ ਤੇ ਪੈਸੇ ਨਾ ਦੇਣ ’ਤੇ ਤਸਵੀਰਾਂ ਸੋਸ਼ਲ ਮੀਡੀਆ ’ਤੇ ਪਾਉਣ ਦੀ ਧਮਕੀ ਦਿੱਤੀ।

pnb punjab national bank ...Together for the better

ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ ਲੁਧਿਆਣਾ,, ਸਾਈਟ ਨੰ. 5, ਨੇੜੇ ਵੇਵ ਮਾਲ, ਫਿਰੋਜ਼ਪੁਰ ਰੋਡ, ਲੁਧਿਆਣਾ, ਈ-ਮੇਲ : cs4540@pnb.bank.in, Tel : 0161-2888181, 2888182

ਈ-ਨਿਲਾਮੀ ਵਿਕਰੀ ਨੋਟਿਸ

ਚੱਲ/ਅਚੱਲ ਜਾਇਦਾਦ (ਾਂ) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ

ਸਰਫੇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 6 ਤੇ 9 ਨਾਲ ਪੜ੍ਹੇ ਜਾਂਦੇ ਰੂਲ 9(1) ਤੇ 8(6) ਤਹਿਤ ਆਮ ਜਨਤਾ ਨੂੰ 15/30 ਦਿਨਾ ਵਿਧਾਨਕ ਵਿਕਰੀ ਨੋਟਿਸ

ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਤੇ 9(1) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਜਨਤਾ ਨੂੰ ਆਮ ਤੌਰ ’ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ ’ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਵਰਣਿਤ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਦਸਤੀ/ਸੰਕੇਤਕ ਕਬਜ਼ਾ (ਜੋ ਵੀ ਲਾਗੂ ਹੋਵੇ) ਬੈਂਕ ਦੇ ਅਧਿਕਾਰਤ ਅਫਸਰ/ਸਕਿਓਰਡ ਕ੍ਰੈਡਿਟਰ ਵੱਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ ‘ਜਿੱਥੇ ਹੈ ਜਿਵੇਂ ਹੈ’, ‘ਜੋ ਹੈ ਜਿਵੇਂ ਹੈ’ ਅਤੇ ‘ਜੋ ਵੀ ਹੈ’ ਦੇ ਆਧਾਰ ’ਤੇ ਹੇਠਾਂ ਟੇਬਲ ਵਿਚ ਵਰਣਿਤ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਜਮ੍ਹਾ ਦਾ ਵੇਰਵਾ ਹੇਠਾਂ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦਿੱਤਾ ਜਾਵੇਗਾ।

ਵਿਕਰੀ ਵੈੱਬਸਾਈਟ : https://BAANKNET.com ’ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 26.11.2026 ਨੂੰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਕੀਤੀ ਜਾਵੇਗੀ।

ਜਾਇਦਾਦਾਂ ਦੀ ਜਾਂਚ ਦੀ ਮਿਤੀ 05.11.2026 ਤੋਂ 25.11.2026 ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ।

ਪੋਰਟਲ https://BAANKNET.com ’ਤੇ ਈ. ਐੱਮ. ਡੀ. ਦੀ ਪੇਸ਼ਕਾਰੀ ਅਤੇ ਆਨਲਾਈਨ ਦਸਤਾਵੇਜ਼ਾਂ ਦੀ ਜਾਂਚ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ।

ਐੱਮ/ਐੱਸ ਪੀ. ਐੱਸ.ਬੀ ਅਲਾਇੰਸ ਪ੍ਰਾ.ਲਿਮ. ਮੁੰਬਈ. ਪੋਰਟਲ ਹੈਲਪਡੈਸਕ ਨੰ. +91 8291220220 ਈ-ਮੇਲ ਆਈ. ਡੀ. : support.BAANKNET@psballiance.com, ਉਪਲਬਧਤਾ : ਨਿਲਾਮੀ ਦੀ ਪ੍ਰਕਿਰਿਆ, ਰਜਿਸਟ੍ਰੇਸ਼ਨ ਸਟੇਟਸ, ਤਕਨੀਕੀ ਸਹਾਇਤਾ ਆਦਿ ਲਈ ਮਾਰਗਦਰਸ਼ਨ ਸਾਰੇ ਕੰਮ ਵਾਲੇ ਦਿਨਾਂ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤਕ।

ਸਕਿਓਰਡ ਅਸਾਮੀਆਂ ਦਾ ਸ਼ਡਿਊਲ

ਲੜੀ ਨੰ.	ਜਾਇਦਾਦ(ਾਂ) ਦੀ ਆਈ. ਡੀ. / ਡੀਲਿੰਗ ਅਧਿਕਾਰੀ ਦਾ ਨਾਂ / ਸੰਪਰਕ ਨੰ. / ਅਕਾਊਂਟ ਦਾ ਨਾਂ ਅਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟਗੇਜਰ)	ਸਰਫਾਇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ / ਬਕਾਇਆ ਰਕਮ ਜਿਵੇਂ ਹੈ ਮਨਫੀ ਵਸੂਲੀ ਜੇ ਕੋਈ ਹੋਵੇ	ਸਰਫਾਇਸੀ ਐਕਟ 2002 ਦੇ ਅੰਡਰ ਸੈਕਸ਼ਨ 13(4) ਅਧੀਨ ਕਬਜ਼ੇ ਦੀ ਮਿਤੀ / ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ / ਈ.ਐੱਮ.ਡੀ. / ਬੋਲੀ ਵਾਧਾ ਰਾਸ਼ੀ	ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ ’ਚ ਭਾਰਾਂ ਦੇ ਵੇਰਵੇ
1.	ਜਾਇਦਾਦ 1: PUNB00SPC01 ਜਾਇਦਾਦ 2: PUNB00SPC02 ਨਿਖਿਲ ਕੁਮਾਰ 96461 - 51967 ਮੈਸਰਜ਼ ਐੱਸ. ਪੀ. ਕ੍ਰਿਏਸ਼ਨਜ਼ ਇਸ ਦੇ ਮਾਲਕ ਸ੍ਰੀ ਸਤੀਸ਼ ਕੁਮਾਰ ਪੁੱਤਰ ਸ੍ਰੀ ਪਿਆਰੇ ਲਾਲ ਉਰਫ਼ ਸ੍ਰੀ ਪਿਆਰਾ ਲਾਲ ਰਾਹੀਂ, ਜਿਨ੍ਹਾਂ ਦੇ ਸਵਰਗੀ ਹੋਣ ਕਾਰਨ ਹੁਣ ਉਨ੍ਹਾਂ ਦੇ ਕਾਨੂੰਨੀ ਵਾਰਿਸਾਂ ਰਾਹੀਂ : (ਏ) ਸ਼੍ਰੀਮਤੀ ਰੀਟਾ ਰਾਣੀ (ਪਤਨੀ), (ਬੀ) ਸ੍ਰੀ ਪੁਨੀਤ ਕੁਮਾਰ (ਪੁੱਤਰ), (3) ਸ਼੍ਰੀਮਤੀ ਨੇਹਾ ਕਪੂਰ (ਪੁੱਤਰੀ), ਵਾਸੀ : ਮਕਾਨ ਨੰ. 7407, ਗਲੀ ਨੰ. 4, ਨਿਊ ਸ਼ਕਤੀ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007, 2) ਸ਼੍ਰੀਮਤੀ ਰੀਟਾ ਰਾਣੀ ਪਤਨੀ ਸ੍ਰੀ ਸਤੀਸ਼ ਕੁਮਾਰ (ਕਾਨੂੰਨੀ ਵਾਰਿਸ/ਗਾਰੰਟਰ) : ਪਤਾ 1 : ਮਕਾਨ ਨੰ. 1924, ਸੈਕਟਰ 32ਏ, ਅਰਬਨ ਅਸਟੇਟ, ਚੰਡੀਗੜ੍ਹ ਰੋਡ, ਲੁਧਿਆਣਾ, ਪਤਾ 2 : ਮਕਾਨ ਨੰ. 7407, ਗਲੀ ਨੰ. 4, ਨਿਊ ਸ਼ਕਤੀ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007, 3) ਸ੍ਰੀ ਪੁਨੀਤ ਕੁਮਾਰ (ਸਵਰਗੀ ਸ੍ਰੀ ਸਤੀਸ਼ ਕੁਮਾਰ ਦੇ ਕਾਨੂੰਨੀ ਵਾਰਿਸ), ਵਾਸੀ : ਮਕਾਨ ਨੰ. 7407, ਗਲੀ ਨੰ. 4, ਨਿਊ ਸ਼ਕਤੀ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007, 4) ਸ਼੍ਰੀਮਤੀ ਨੇਹਾ ਕਪੂਰ (ਸਵਰਗੀ ਸ੍ਰੀ ਸਤੀਸ਼ ਕੁਮਾਰ ਦੀ ਕਾਨੂੰਨੀ ਵਾਰਿਸ) ਵਾਸੀ : ਮਕਾਨ ਨੰ. 7407, ਗਲੀ ਨੰ. 4, ਨਿਊ ਸ਼ਕਤੀ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007।	ਪ੍ਰਾਪਰਟੀ ਨੰ. 1: ਰਿਹਾਇਸ਼ੀ ਜ਼ਮੀਨ ਤੇ ਇਮਾਰਤ, ਕੁੱਲ ਰਕਬਾ 102 ਵਰਗ ਗਜ਼, ਜੋ ਕਿ ਬਲਾਕ-XXXI, ਗਲੀ ਨੰ. 4 ’ਚ ਸਥਿਤ ਹੈ ਅਤੇ ਖਸਰਾ ਨੰ. 1478/446, ਖਾਤਾ ਨੰ. 603/619 ’ਚ ਸ਼ਾਮਲ ਹੈ। ਸਾਲ 1990-91 ਦੀ ਜਮ੍ਹਾਂਬੰਦੀ ਮੁਤਾਬਕ ਇਹ ਜਾਇਦਾਦ ਸ਼ਕਤੀ ਨਗਰ, ਤਰਫ਼ ਬਸਤੀ ਜੋਧੇਵਾਲ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਸ੍ਰੀ ਸਤੀਸ਼ ਕੁਮਾਰ ਪੁੱਤਰ ਸ੍ਰੀ ਪਿਆਰੇ ਲਾਲ ਦੇ ਨਾਂ ’ਤੇ ਵਿਕਰੀ ਡੀਡ ਵਸੀਕਾ ਨੰ. 9360 ਮਿਤੀ 03.01.1996 ਰਾਹੀਂ ਦਰਜ ਹੈ। ਹੱਦਬੰਦੀ–ਪੂਰਬ : ਮਕਾਨ ਨੰ. 118, ਪੈਮਾਇਸ਼ 51’, ਉੱਤਰ : ਗਲੀ 20 ਫੁੱਟ ਚੌੜੀ, ਪੈਮਾਇਸ਼ 18’, ਪੱਛਮ : ਮਕਾਨ ਨੰ. 120, ਪੈਮਾਇਸ਼ 51’, ਦੱਖਣ : ਮਕਾਨ ਨੰ. 224, ਪੈਮਾਇਸ਼ 18’।	27.02.2026 50,52,339.46 ਰੁਪਏ ਮਿਤੀ 31.01.2026 ਨੂੰ 01.02.2026 ਤੋਂ ਅਗਲੇ ਵਿਆਜ ਸਮੇਤ, ਲਾਗਤਾਂ ਤੇ ਹੋਰ ਲਾਗੂ ਚਾਰਜਿਜ਼।	08.06.2026 ਸੰਕੇਤਕ ਕਬਜ਼ਾ	Rs. 27,10,000/- Rs. 2,71,000/- Rs. 1,00,000/-	ਇਕ SA-395/2026-ਐੱਸ. ਪੀ. ਕ੍ਰਿਏਸ਼ਨ ਬਨਾਮ ਪੰਜਾਬ ਨੈਸ਼ਨਲ ਬੈਂਕ ਮਾਣਯੋਗ ਡੀ. ਆਰ. ਟੀ.-III ਕੋਲ ਮਿਤੀ 19.11.2026 ਨੂੰ ਸੁਣਵਾਈ ਅਧੀਨ ਪੈਂਡਿੰਗ ਹੈ (ਕੋਈ ਸਟੇਅ ਨਹੀਂ)।
		ਪ੍ਰਾਪਰਟੀ ਨੰ. 2 : ਰਿਹਾਇਸ਼ੀ ਜ਼ਮੀਨ ਤੇ ਇਮਾਰਤ, ਕੁੱਲ ਰਕਬਾ 161 ਵਰਗ ਗਜ਼। ਪ੍ਰਾਪਰਟੀ ਨੰ. XXXI-1697/11/2ਏ, ਜੋ ਕਿ ਪਲਾਟ ਨੰ. 107, ਗਲੀ ਨੰ. 4 ’ਤੇ ਬਣੀ ਹੋਈ ਹੈ ਅਤੇ ਤਰਫ਼ ਬਸਤੀ ਜੋਧੇਵਾਲ, ਹੱਦਬਸਤ ਨੰ. 77, ਇਲਾਕਾ ਸ਼ਕਤੀ ਨਗਰ, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ। ਇਹ ਜਾਇਦਾਦ ਸ਼੍ਰੀਮਤੀ ਰੀਟਾ ਰਾਣੀ ਪਤਨੀ ਸ੍ਰੀ ਸਤੀਸ਼ ਕੁਮਾਰ ਦੇ ਨਾਂ ’ਤੇ ਦਰਜ ਹੈ, ਜਿਸ ਵਿਚ ਹੇਠ ਲਿਖੇ ਵੇਰਵੇ ਅਨੁਸਾਰ 2 ਟਾਈਟਲ ਡੀਡਜ਼ ਸ਼ਾਮਲ ਹਨ : (ਏ) ਆਈ. ਪੀ. ਰਕਬਾ 80.50 ਵਰਗ ਗਜ਼, ਜੋ ਕਿ ਖਸਰਾ ਨੰ. 448, ਖਾਤਾ ਨੰ. 618/631 ’ਚ ਸ਼ਾਮਲ ਹੈ, ਸਾਲ 1995-96 ਦੀ ਜਮ੍ਹਾਂਬੰਦੀ ਮੁਤਾਬਕ ਵਿਕਰੀ ਡੀਡ ਵਸੀਕਾ ਨੰ. 25364 ਮਿਤੀ 03.02.2000 ਰਾਹੀਂ। (ਬੀ) ਆਈ. ਪੀ. ਰਕਬਾ 80.50 ਵਰਗ ਗਜ਼, ਜੋ ਕਿ ਖਸਰਾ ਨੰ. 448, ਖਾਤਾ ਨੰ. 641/654 ’ਚ ਸ਼ਾਮਲ ਹੈ, ਸਾਲ 2000-01 ਦੀ ਜਮ੍ਹਾਂਬੰਦੀ ਮੁਤਾਬਕ, ਵਿਕਰੀ ਡੀਡ ਵਸੀਕਾ ਨੰ. 221 ਮਿਤੀ 12.04.2006 ਰਾਹੀਂ।		08.06.2026 ਸੰਕੇਤਕ ਕਬਜ਼ਾ	Rs. 50,50,000/- Rs. 5,05,000/- Rs. 1,00,000/-	
2.	PUNBCRA81827647 ਰਾਹੁਲ ਵਰਮਾ 90005 - 30309 (1) ਮੈਸਰਜ਼ ਐੱਮ. ਵੀ. ਆਹੂਜਾ ਹੌਜ਼ਰੀ (ਮਾਲਕ ਸ੍ਰੀ ਮਦਨ ਲਾਲ ਆਹੂਜਾ ਰਾਹੀਂ) B-XXIV-2753/6, ਸੁੰਦਰ ਨਗਰ, ਲੁਧਿਆਣਾ-141008, (2) ਸ੍ਰੀ ਮਦਨ ਲਾਲ ਆਹੂਜਾ ਪੁੱਤਰ ਸਵ. ਸ੍ਰੀ ਭਗਤ ਰਾਮ ਆਹੂਜਾ (ਮਾਲਕ) ਮਕਾਨ ਨੰਬਰ ਬੀ-19/802/1ਏ, ਸਿਵਲ ਲਾਈਨਜ਼, ਪਟੇਲ ਨਗਰ, ਲੁਧਿਆਣਾ-141001, (3) ਸ੍ਰੀ ਸੌਰਭ ਆਹੂਜਾ ਪੁੱਤਰ ਸ੍ਰੀ ਮਦਨ ਲਾਲ ਆਹੂਜਾ (ਗਾਰੰਟਰ) ਮਕਾਨ ਨੰਬਰ 802/1ਏ-ਬੀ-19, ਸਿਵਲ ਲਾਈਨਜ਼, ਪਟੇਲ ਨਗਰ, ਭਾਰਤ ਨਗਰ ਚੌਕ, ਲੁਧਿਆਣਾ-141001, (4) ਸ੍ਰੀ ਮੋਹਿਤ ਆਹੂਜਾ ਪੁੱਤਰ ਸ੍ਰੀ ਮਦਨ ਲਾਲ ਆਹੂਜਾ (ਗਾਰੰਟਰ) ਮਕਾਨ ਨੰਬਰ 802/1ਏ-ਬੀ-19, ਸਿਵਲ ਲਾਈਨਜ਼, ਪਟੇਲ ਨਗਰ, ਭਾਰਤ ਨਗਰ ਚੌਕ, ਲੁਧਿਆਣਾ-141001.	ਕਿੰਗ ਪੈਲੇਸ, ਸੁੰਦਰ ਨਗਰ, ਲੁਧਿਆਣਾ ਦੇ ਨੇੜੇ ਸਥਿਤ ਐੱਮ. ਸੀ. ਨੰ. B-XXIV-2753/6 ਵਾਲੀ ਅਚੱਲ ਜਾਇਦਾਦ ਦੇ ਆਈ. ਪੀ. ਦੀ ਇਕਵੀਟੇਬਲ ਮਾਰਟਗੇਜ, ਜਿਸ ਦਾ ਰਕਬਾ 400 ਵਰਗ ਗਜ਼ ਹੈ। ਇਸ ਵਿਚੋਂ 100 ਵਰਗ ਗਜ਼ ਸ੍ਰੀ ਮਦਨ ਲਾਲ ਪੁੱਤਰ ਸਵ. ਸ੍ਰੀ ਭਗਤ ਰਾਮ ਦੇ ਨਾਂ ’ਤੇ ਵਸੀਕਾ ਨੰਬਰ 13072 ਮਿਤੀ 21.09.2011 ’ਤੇ ਹੈ। 100 ਵਰਗ ਗਜ਼ ਸ੍ਰੀ ਸੌਰਭ ਆਹੂਜਾ ਪੁੱਤਰ ਸ੍ਰੀ ਮਦਨ ਲਾਲ ਦੇ ਨਾਂ ’ਤੇ ਵਸੀਕਾ ਨੰਬਰ 2024-25/106/1/10583 ਮਿਤੀ 17.09.2024 ਤਹਿਤ ਹੈ। 100 ਵਰਗ ਗਜ਼ ਸ੍ਰੀ ਸੌਰਭ ਆਹੂਜਾ ਪੁੱਤਰ ਸ੍ਰੀ ਮਦਨ ਲਾਲ ਦੇ ਨਾਂ ’ਤੇ ਵਸੀਕਾ ਨੰਬਰ 33688 ਮਿਤੀ 17.01.1995 ਤਹਿਤ ਹੈ ਅਤੇ ਬਾਕੀ 100 ਵਰਗ ਗਜ਼ ਸ੍ਰੀ ਮੋਹਿਤ ਆਹੂਜਾ ਪੁੱਤਰ ਸ੍ਰੀ ਮਦਨ ਲਾਲ ਦੇ ਨਾਂ ’ਤੇ ਵਸੀਕਾ ਨੰਬਰ 2024-25/106/1/10582 ਤਹਿਤ ਹੈ।	02.04.2026 1,41,53,041.32 ਰੁਪਏ 31.03.2026 ਨੂੰ ਅਤੇ ਅਗਲਾ ਵਿਆਜ ਤੇ ਚਾਰਜਿਜ਼ 01.04.2026 ਤੋਂ ਮੁਕੰਮਲ ਭੁਗਤਾਨ ਨਾ ਹੋਣ ਤਕ ਅਤੇ ਉਸ ਉੱਪਰ ਵਿਆਜ।	11.06.2026 ਸੰਕੇਤਕ ਕਬਜ਼ਾ	Rs. 2,44,10,000/- Rs. 24,41,000/- Rs. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ।
3.	ਜਾਇਦਾਦ : 1. PUNB45400010537 ਜਾਇਦਾਦ : 2. PUNB45400010538 ਜਾਇਦਾਦ : 3. PUNBRAJSTEEL ਜਾਇਦਾਦ : 4. PUNBRAJSTEEL2 ਜਾਇਦਾਦ : 5. PUNBRAJISPAT ਸੁਖਜੀਤ ਸਿੰਘ 84279 - 79800 ਕਰਜ਼ਦਾਰ: ਮੈਸਰਜ਼ ਰਾਜ ਸਟੀਲ ਇੰਡਸਟਰੀਜ਼ ਆਪਣੇ ਭਾਈਵਾਲਾਂ ਸ੍ਰੀ ਅਨਿਲ ਕੁਮਾਰ ਪੁੱਤਰ ਸ੍ਰੀ ਓਮ ਪ੍ਰਕਾਸ਼ ਕਪੂਰ, ਸ੍ਰੀ ਸੰਨੀ ਕਪੂਰ ਪੁੱਤਰ ਸ੍ਰੀ ਰਾਜ ਕੁਮਾਰ ਅਤੇ ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਓਮ ਪ੍ਰਕਾਸ਼ ਰਾਹੀਂ। ਪਹਿਲਾ ਪਤਾ: 445, ਇੰਡਸਟਰੀਅਲ ਏਰੀਆ-ਬੀ, ਓਵਰਲਾਕ ਰੋਡ, ਲੁਧਿਆਣਾ, ਪੰਜਾਬ-141001 ਦੂਜਾ ਪਤਾ:- ਮਕਾਨ ਨੰਬਰ 71, ਕ੍ਰਿਸ਼ਨਾ ਮਾਰਕੀਟ, ਓਵਰਲਾਕ ਰੋਡ, ਲੁਧਿਆਣਾ, ਪੰਜਾਬ-141001, 2. ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਓਮ ਪ੍ਰਕਾਸ਼ ਕਪੂਰ (ਮੈਸਰਜ਼ ਰਾਜ ਸਟੀਲ ਇੰਡਸਟਰੀਜ਼ ਵਿਚ ਭਾਈਵਾਲ/ਮਾਰਟਗੇਜਰ), ਪਹਿਲਾ ਪਤਾ:- ਮਕਾਨ ਨੰਬਰ 152-ਏ, ਸਰਾਭਾ ਨਗਰ ਲੁਧਿਆਣਾ-141001 ਦੂਜਾ ਪਤਾ:- ਦੁਕਾਨ ਨੰਬਰ 445, ਇੰਡਸਟਰੀਅਲ ਏਰੀਆ-ਬੀ, ਓਵਰਲਾਕ ਰੋਡ, ਲੁਧਿਆਣਾ, ਪੰਜਾਬ-141001, 3. ਸ੍ਰੀ ਅਨਿਲ ਕੁਮਾਰ ਪੁੱਤਰ ਸ੍ਰੀ ਓਮ ਪ੍ਰਕਾਸ਼ ਕਪੂਰ (ਮੈਸਰਜ਼ ਰਾਜ ਸਟੀਲ ਇੰਡਸਟਰੀਜ਼ ਵਿਚ ਭਾਈਵਾਲ/ਮਾਰਟਗੇਜਰ) ਪਹਿਲਾ ਪਤਾ: ਮਕਾਨ ਨੰਬਰ 152-ਏ, ਸਰਾਭਾ ਨਗਰ, ਲੁਧਿਆਣਾ-141001 ਦੂਜਾ ਪਤਾ: ਦੁਕਾਨ ਨੰਬਰ 445, ਇੰਡਸਟਰੀਅਲ ਏਰੀਆ-ਬੀ, ਓਵਰਲਾਕ ਰੋਡ, ਲੁਧਿਆਣਾ, ਪੰਜਾਬ-141001 4. ਸ੍ਰੀ ਸੰਨੀ ਕਪੂਰ ਪੁੱਤਰ ਸ੍ਰੀ ਰਾਜ ਕੁਮਾਰ (ਮੈਸਰਜ਼ ਰਾਜ ਸਟੀਲ ਇੰਡਸਟਰੀਜ਼ ਵਿਚ ਭਾਈਵਾਲ), ਪਹਿਲਾ ਪਤਾ:- ਮਕਾਨ ਨੰਬਰ 152-ਏ, ਸਰਾਭਾ ਨਗਰ, ਲੁਧਿਆਣਾ-141001। ਦੂਜਾ ਪਤਾ: ਦੁਕਾਨ ਨੰਬਰ 445, ਇੰਡਸਟਰੀਅਲ ਏਰੀਆ-ਬੀ, ਓਵਰਲਾਕ ਰੋਡ, ਲੁਧਿਆਣਾ, ਪੰਜਾਬ-141001। 5. ਸ਼੍ਰੀਮਤੀ ਮਮਤਾ ਰਾਣੀ ਪਤਨੀ ਸ੍ਰੀ ਅਨਿਲ ਕੁਮਾਰ (ਮੈਸਰਜ਼ ਰਾਜ ਸਟੀਲ ਇੰਡਸਟਰੀਜ਼ ਵਿਚ ਗਾਰੰਟਰ/ਮਾਰਟਗੇਜਰ), ਪਹਿਲਾ ਪਤਾ: 77-ਏ, ਸਰਾਭਾ ਨਗਰ, ਲੁਧਿਆਣਾ -141001। ਦੂਜਾ ਪਤਾ:- 152-ਏ, ਸਰਾਭਾ ਨਗਰ, ਲੁਧਿਆਣਾ-141001। 6. ਸ਼੍ਰੀਮਤੀ ਵੀਨਾ ਰਾਣੀ ਪਤਨੀ ਸ੍ਰੀ ਰਾਜ ਕੁਮਾਰ (ਮੈਸਰਜ਼ ਰਾਜ ਸਟੀਲ ਇੰਡਸਟਰੀਜ਼ ਵਿਚ ਗਾਰੰਟਰ/ ਮਾਰਟਗੇਜਰ), ਪਤਾ:- 152-ਏ, ਸਰਾਭਾ ਨਗਰ, ਲੁਧਿਆਣਾ-141001 7. ਮੈਸਰਜ਼ ਰਾਜ ਇਸਪਾਤ ਉਦਯੋਗ (ਮੈਸਰਜ਼ ਰਾਜ ਸਟੀਲ ਇੰਡਸਟਰੀਜ਼ ਵਿਚ ਗਾਰੰਟਰ/ ਮਾਰਟਗੇਜਰ) ਆਪਣੇ ਭਾਈਵਾਲਾਂ ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਓਮ ਪ੍ਰਕਾਸ਼, ਸ੍ਰੀ ਅਨਿਲ ਕੁਮਾਰ ਰਾਹੀਂ।	ਪ੍ਰਾਪਰਟੀ : 1. ਵਪਾਰਕ ਦੁਕਾਨ ਐੱਮਸੀ ਨੰਬਰ ਬੀ-XXI-58/2 ਦਾ EQM ਪਲਾਟ ਨੰਬਰ 445, ਇੰਡਸਟਰੀਅਲ ਏਰੀਆ ਬੀ, ਓਵਰਲਾਕ ਰੋਡ, ਲੁਧਿਆਣਾ 141003 ’ਤੇ ਬਣਿਆ ਹੋਇਆ ਹੈ ਜੋ 33.33 ਵਰਗ ਗਜ਼ ਮਾਪਦਾ ਹੈ। ਸ਼੍ਰੀਮਤੀ ਵੀਨਾ ਰਾਣੀ ਪਤਨੀ ਸ੍ਰੀ ਰਾਜ ਕੁਮਾਰ ਦੇ ਨਾਮ ’ਤੇ ਵਸੀਕਾ ਨੰਬਰ 12960 ਮਿਤੀ 02/12/2010 ਨੂੰ ਸਬ ਰਜਿਸਟਰਾਰ ਲੁਧਿਆਣਾ ਪੂਰਬੀ ਦੇ ਦਫ਼ਤਰ ਵਿਚ ਰਜਿਸਟਰਡ ਗਿਫਟ ਡੀਡ ਦੁਆਰਾ ਖੜ੍ਹਾ ਹੈ। ਹੱਦ ਇਸ ਤਰ੍ਹਾਂ ਹੈ: ਪੂਰਬ: ਸੜਕ ਮਾਪ 10’, ਪੱਛਮ: ਤਰਲੋਚਨ ਸਿੰਘ ਮਾਪ 10’, ਉੱਤਰ: ਰਮਨ ਸਟੀਲ ਟ੍ਰੇਡਰ ਮਾਪ 30’, ਦੱਖਣ: ਤਰਲੋਚਨ ਸਿੰਘ ਮਾਪ 30’	03.12.2019 10,67,55,478.72 ਰੁਪਏ ਮਿਤੀ 15.09.2022 ਨੂੰ 16.09.2022 ਤੋਂ ਅਗਲੇ ਵਿਆਜ ਤੇ ਹੋਰ ਚਾਰਜਿਜ਼ ਸਮੇਤ।	31.01.2023 ਸੰਕੇਤਕ ਕਬਜ਼ਾ	Rs. 34,60,000/- Rs. 3,46,000/- Rs. 20,000/-	ਐੱਸ.ਏ./248/2023 ਡੀ.ਆਰ.ਟੀ-III ਚੰਡੀਗੜ੍ਹ ਕੋਲ ਪੈਂਡਿੰਗ ਹੈ।
		ਪ੍ਰਾਪਰਟੀ : 2. ਰਿਹਾਇਸ਼ੀ ਜਾਇਦਾਦ ਦਾ EQM ਜਿਸ ਵਿੱਚ ਐੱਮ.ਸੀ.ਨੰਬਰ B-XX-3553 ਹੈ, ਪਲਾਟ ਨੰਬਰ 152-ਏ ’ਤੇ ਬਣਿਆ 280 ਵਰਗ ਗਜ਼ ਦਾ ਹੈ ਜਿਸ ਵਿਚ ਸਾਲ 1998-99 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 188, ਖਾਤਾ ਨੰਬਰ 665/731 ਸ਼ਾਮਲ ਹੈ, ਪਿੰਡ ਜਵੱਦੀ ਵਿਖੇ ਸਥਿਤ। ਹੱਦਬਸਤ ਨੰਬਰ 160, ਆਬਾਦੀ ਸਰਾਭਾ ਨਗਰ ਲੁਧਿਆਣਾ, ਸ਼੍ਰੀਮਤੀ ਵੀਨਾ ਰਾਣੀ ਪਤਨੀ ਸ੍ਰੀ ਰਾਜ ਕੁਮਾਰ ਅਤੇ ਰਾਜ ਕੁਮਾਰ ਪੁੱਤਰ ਸ੍ਰੀ ਓਮ ਪ੍ਰਕਾਸ਼ ਦੇ ਨਾਮ ’ਤੇ ਵਿਕਰੀ ਡੀਡ ਵਸੀਕਾ ਨੰਬਰ 2532 ਮਿਤੀ 06/05/2003 ਅਨੁਸਾਰ। ਹੱਦਬੰਦੀ: ਪੂਰਬ: ਪਲਾਟ ਨੰਬਰ 153ਏ 70’ ਦੇ ਆਲੇ-ਦੁਆਲੇ, ਪੱਛਮ: ਪਲਾਟ ਨੰਬਰ 151ਏ 70’ ਦੇ ਆਲੇ-ਦੁਆਲੇ, ਉੱਤਰ: ਰੋਹਿਤ ਗੁਪਤਾ 46’ ਦੇ ਆਲੇ-ਦੁਆਲੇ, ਦੱਖਣ: ਗਲੀ 20’ ਚੌੜੀ 46		31.01.2023 ਸੰਕੇਤਕ ਕਬਜ਼ਾ	Rs. 2,70,00,000/- Rs. 27,00,000/- Rs. 1,00,000/-	ਐੱਸ.ਏ./248/2023 ਡੀ.ਆਰ.ਟੀ-III ਚੰਡੀਗੜ੍ਹ ਕੋਲ ਪੈਂਡਿੰਗ ਹੈ।
		ਪ੍ਰਾਪਰਟੀ ਨੰ. 3 : ਪ੍ਰਾਪਰਟੀ ਨੰ. B-XXIX-2344-D ਦੀ ਈ. ਐੱਮ. ਦਾ ਸਾਰਾ ਹਿੱਸਾ, ਜਿਸ ਦੀ ਪੈਮਾਇਸ਼ 396 ਵਰਗ ਗਜ਼ ਹੈ। ਇਹ ਜਾਇਦਾਦ ਜੁਗਿਆਣਾ, ਹੱਦਬਸਤ ਨੰ. 244, ਤਹਿਸੀਲ ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। ਇਸ ਦਾ ਖਸਰਾ ਨੰ. 484(0-18-2), ਖਾਤਾ ਨੰ. 47/84, ਖਸਰਾ ਨੰ. 472(0-15-0), ਖਾਤਾ ਨੰ. 93/182, ਖਸਰਾ ਨੰ. 493(0-16-4), ਖਾਤਾ ਨੰ. 48/85, ਖਸਰਾ ਨੰ. 471 (0-15-0), ਖਾਤਾ ਨੰ. 92/181, ਖਸਰਾ ਨੰ. 482 ਮਿਨ (0-5-18), 482 ਮਿਨ (0-12-8), 482 ਮਿਨ (0-4-0), ਖਾਤਾ ਨੰ. 111/218-219-220 ਅਤੇ ਖਸਰਾ ਨੰ. 483 ਮਿਨ (0-16-16), 483 ਮਿਨ (0-1-16),483 ਮਿਨ (0-3-0) ਖਾਤਾ ਨੰ. 112/221-222-223 ਹੈ, ਜੋ ਸਾਲ 2012-13 ਲਈ ਜਮ੍ਹਾਂਬੰਦੀ ਅਨੁਸਾਰ ਹੈ। ਇਹ ਜਾਇਦਾਦ ਸੇਲ ਡੀਡ ਵਸੀਕਾ ਨੰ. 1285 ਮਿਤੀ 19.07.2016 ਅਨੁਸਾਰ ਸਬ-ਰਜਿਸਟ੍ਰਾਰ ਸਾਹਨੇਵਾਲ ਕੋਲ ਮਮਤਾ ਰਾਣੀ ਪਤਨੀ ਅਨਿਲ ਕੁਮਾਰ ਦੇ ਨਾਂ ’ਤੇ ਰਜਿਸਟਰਡ ਹੈ। ਹੱਦਬੰਦੀ—ਪੂਰਬ : ਸੜਕ ਪੈਮਾਇਸ਼ 18’, ਪੱਛਮ : ਗੁਆਂਢ ਪੈਮਾਇਸ਼ 18’, ਉੱਤਰ : ਜਯੋਤੀ ਸਟ੍ਰਿਪਸ ਪ੍ਰਾ. ਲਿਮ. ਪੈਮਾਇਸ਼ 198’, ਦੱਖਣ : ਗੁਆਂਢ ਪੈਮਾਇਸ਼ 198’।		31.01.2023 ਸੰਕੇਤਕ ਕਬਜ਼ਾ	Rs. 53,50,000/- Rs. 5,35,000/- Rs. 50,000/-	ਐੱਸ.ਏ./248/2023 ਡੀ.ਆਰ.ਟੀ-III ਚੰਡੀਗੜ੍ਹ ਕੋਲ ਪੈਂਡਿੰਗ ਹੈ।
		ਪ੍ਰਾਪਰਟੀ : 4. ਪਲਾਟ ਨੰਬਰ 77ਏ ’ਤੇ ਰਿਹਾਇਸ਼ੀ ਘਰ ਦਾ EQM, 264 ਵਰਗ ਮੀਟਰ। ਗਜ਼, ਪਿੰਡ ਤਰਫ ਕਾਰਾਬਾਰਾ (ਆਬਾਦੀ ਕਰਤਾਰ ਸਿੰਘ ਸਰਾਭਾ ਨਗਰ) ਹਦਬਸਤ ਨੰਬਰ 161, ਤਹਿਸੀਲ ਅਤੇ ਜ਼ਿਲਾ. ਲੁਧਿਆਣਾ ਜਿਸ ਵਿੱਚ ਖਸਰਾ ਨੰ. 73//23/90, 80//3/2, ਖਾਤਾ ਨੰ. 1772/1977, ਪੰਨਾ ਨੰ: 747 ਸਾਲ 2000-2001 ਲਈ ਜਮ੍ਹਾਂਬੰਦੀ ਅਨੁਸਾਰ, ਮਮਤਾ ਕਪੂਰ ਪਤਨੀ ਅਨਿਲ ਕਪੂਰ ਦੇ ਨਾਂ ’ਤੇ ਰਜਿਸਟਰਡ ਅਤੇ ਅਨਿਲ ਕਪੂਰ ਪੁੱਤਰ ਓਮ ਪ੍ਰਕਾਸ਼ ਦੀ ਪਾਰਕਿੰਗ ਅਤੇ ਵਸੀਕਾ ਨੰਬਰ 1816 ਮਿਤੀ 26/04/2006 ਸੰਯੁਕਤ/ਉਪ ਤਹਿਸੀਲਦਾਰ, ਲੁਧਿਆਣਾ ਕੋਲ ਦਰਜ ਕੀਤਾ ਗਿਆ ਹੈ। ਬਾਊਂਡ ਇਸ ਤਰ੍ਹਾਂ: ਪੂਰਬ: ਰੋਡ ਮਾਪਣ ਵਾਲੀ 36’, ਪੱਛਮ: ਪਲਾਟ ਨੰ. 62ਏ 36’ ਦਾ ਮਾਪ, ਉੱਤਰ: ਪਲਾਟ ਨੰ. 78ਏ 66’, ਦੱਖਣ: ਪਲਾਟ ਨੰ. 76ਏ 66’ ਦਾ ਮਾਪਣ ਵਾਲਾ।		31.01.2023 ਸੰਕੇਤਕ ਕਬਜ਼ਾ	Rs. 2,61,00,000/- Rs. 26,10,000/- Rs. 1,00,000/-	ਐੱਸ.ਏ./248/2023 ਡੀ.ਆਰ.ਟੀ-III ਚੰਡੀਗੜ੍ਹ ਕੋਲ ਪੈਂਡਿੰਗ ਹੈ।
		ਪ੍ਰਾਪਰਟੀ : 5. ਮਾਡਲ ਗ੍ਰਾਮ ਰੋਡ, ਪਿੰਡ ਤਰਫ਼ ਕਰਾਬਾਰਾ, ਗਲੀ ਨੰ. 3 (ਆਬਾਦੀ ਲੇਬਰ ਕਾਲੋਨੀ), ਹੱਦਬਸਤ ਨੰਬਰ 161, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ 81 ਵਰਗ ਗਜ਼ ਰਕਬੇ ਵਾਲੀ ਅਚੱਲ ਜਾਇਦਾਦ ਦੀ ਇਕਵੀਟੇਬਲ ਮਾਰਟਗੇਜ, ਜਿਸ ਦਾ ਨੰਬਰ B-18-3692/A ਹੈ। ਇਹ ਜਾਇਦਾਦ ਖਸਰਾ ਨੰਬਰ 743/5, ਖੇਵਟ/ਖਤੌਨੀ ਨੰਬਰ 195/1/208, ਸਾਲ 2005-06 ਦੀ ਜਮ੍ਹਾਂਬੰਦੀ ਅਧੀਨ ਆਉਂਦੀ ਹੈ, ਜੋ ਕਿ ਮੈਸਰਜ਼ ਰਾਜ ਇਸਪਾਤ ਉਦਯੋਗ ਦੇ ਨਾਂ ’ਤੇ ਸਬ-ਰਜਿਸਟਰਾਰ ਲੁਧਿਆਣਾ (ਵੈਸਟ) ਕੋਲ ਵਸੀਕਾ ਨੰਬਰ 11241 ਮਿਤੀ 14.10.2011 ਰਾਹੀਂ ਰਜਿਸਟਰਡ ਹੈ।		31.01.2023 ਸੰਕੇਤਕ ਕਬਜ਼ਾ	Rs. 69,00,000/- Rs. 6,90,000/- Rs. 50,000/-	ਐੱਸ.ਏ./248/2023 ਡੀ.ਆਰ.ਟੀ-III ਚੰਡੀਗੜ੍ਹ ਕੋਲ ਪੈਂਡਿੰਗ ਹੈ।
		ਨੋਟ: ਸਾਰੀਆਂ ਜਾਇਦਾਦਾਂ ਮੈਸਰਜ਼ ਰਾਜ ਇਸਪਾਤ ਉਦਯੋਗ ਦੇ ਖਾਤੇ ਵਿਚ ਗਿਰਵੀ ਰੱਖੀਆਂ ਗਈਆਂ ਹਨ ਜਿਨ੍ਹਾਂ ਦੀ ਕੁੱਲ ਬਕਾਇਆ ਰਕਮ 8,45,10,277.98/-ਰੁਪਏ ਹੈ, ਮਿਤੀ 01/06/2019 ਦੇ ਡਿਮਾਂਡ ਨੋਟਿਸ ਅਨੁਸਾਰ।				
4.	PUNBKULWINDER ਨੀਰਜ ਸ਼ਰਮਾ 80917 77699 (1) ਕੁਲਵਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ (ਕਰਜ਼ਦਾਰ), ਪਿੰਡ ਬੋਂਕਰ ਡੋਗਰਾ, ਡਾਕਖਾਨਾ ਲਾਡੋਵਾਲ, ਤਹਿਸੀਲ ਤੇ ਜ਼ਿਲਾ ਲੁਧਿਆਣਾ, ਪੰਜਾਬ-141008, (2) ਰਮਣੀਕ ਕੌਰ ਪਤਨੀ ਕੁਲਵਿੰਦਰ ਸਿੰਘ (ਗਾਰੰਟਰ/ਮਾਰਟਗੇਜਰ), ਪਿੰਡ ਬੋਂਕਰ ਡੋਗਰਾ, ਡਾਕਖਾਨਾ ਲਾਡੋਵਾਲ, ਤਹਿਸੀਲ ਤੇ ਜ਼ਿਲਾ ਲੁਧਿਆਣਾ, ਪੰਜਾਬ-141008.	9 ਕਨਾਲ-11 ਮਰਲੇ ਦੀ ਪੈਮਾਇਸ਼ ਵਾਲੇ ਪਲਾਟ ਕਮ ਰਿਹਾਇਸ਼ੀ ਮਕਾਨ ਦੀ ਈ. ਕਿਊ. ਐੱਮ., ਜਿਸ ਦਾ ਖੇਵਟ ਨੰ. 162, 224, 226, ਖਤੌਨੀ ਨੰ. 199, 303, 306, ਖਸਰਾ ਨੰ. 29//1, 3, 11, 30//14, 15, 16/1, 17, 30//5/2, 6, 7, 8, 9, 13, 30//12 ਹੈ। ਇਹ ਜਾਇਦਾਦ ਪਿੰਡ ਬੋਂਕਰ ਡੋਗਰਾ ਦੀ ਰੈਵੇਨਿਊ ਅਸਟੇਟ, ਹੱਦਬਸਤ ਨੰ. 109, ਤਹਿਸੀਲ ਤੇ ਜ਼ਿਲਾ ਲੁਧਿਆਣਾ ਵਿਖੇ ਸਥਿਤ ਹੈ ਅਤੇ ਵਸੀਕਾ ਨੰ. 6129 ਮਿਤੀ 11.06.1998 ਤਹਿਤ ਰਮਣੀਕ ਕੌਰ ਪਤਨੀ ਕੁਲਵਿੰਦਰ ਸਿੰਘ (ਮਾਰਟਗੇਜਰ/ਗਾਰੰਟਰ) ਦੇ ਨਾਂ ’ਤੇ ਹੈ। ਹੱਦਬੰਦੀ ਰਹਿਤ ਹੈ ਅਤੇ ਸਫਲ ਨਿਲਾਮੀ ਖਰੀਦਦਾਰ ਨੂੰ ਹੱਦਬੰਦੀ ਆਪਣੇ ਖਰਚੇ ਤੇ ਜ਼ਿੰਮੇਵਾਰੀ ’ਤੇ ਕਰਵਾਉਣੀ ਪਵੇਗੀ।	15.02.2013 74,21,963 ਰੁਪਏ 31.03.2010 ਤਕ ਲੱਗੇ ਵਿਆਜ ਸਮੇਤ ਅਤੇ 01.04.2010 ਤੋਂ ਅਗਲਾ ਵਿਆਜ ਜਮ੍ਹਾ ਲਾਗੂ ਹੋਰ ਚਾਰਜਿਜ਼ ਮਨਫੀ ਵਸੂਲੀ (ਜੇ ਕੋਈ ਹੋਵੇ) ਮੁਕੰਮਲ ਭੁਗਤਾਨ ਨਾ ਹੋਣ ਤਕ।	20.05.2013 ਸੰਕੇਤਕ ਕਬਜ਼ਾ	Rs. 3,00,00,000/- Rs. 30,00,000/- Rs. 1,00,000/-	ਨੋਟ : ਵਿਕਰੀ ਡੀਡ ਨੰ. 6129 ਮਿਤੀ 11.06.1998 ਅਨੁਸਾਰ ਹੱਦਬੰਦੀ ਬਾਰੇ ਨਹੀਂ ਦੱਸਿਆ ਗਿਆ। ਆਈ. ਪੀ.
5.	PUNB454000103492 ਨਿਖਿਲ ਕੁਮਾਰ 96461 - 51967 ਸ਼ਰਮਨ ਵੂਲਨਜ਼ ਮਾਲਕ ਮੁਕੇਸ਼ ਜੈਨ, ਪਲਾਟ ਨੰ. 1133, ਸੋਨੀਆ ਸਟ੍ਰੀਟ ਪੁਰਾਣਾ ਬਾਜ਼ਾਰ, ਲੁਧਿਆਣਾ-141008, ਮੁਕੇਸ਼ ਜੈਨ (ਮਾਲਕ/ ਮਾਰਟਗੇਜਰ), ਮਕਾਨ ਨੰ. ਬੀ-V-1133, ਪੁਰਾਣਾ ਬਾਜ਼ਾਰ, ਮੁਹੱਲਾ ਸੋਨੀਆ, ਲੁਧਿਆਣਾ-141008, ਮਕਾਨ ਨੰ. 428, ਕਾਲਜ ਰੋਡ, ਸਿਵਲ ਲਾਈਨ, ਲੁਧਿਆਣਾ-141008, ਪ੍ਰੀਤੀ ਜੈਨ (ਗਾਰੰਟਰ/ਮਾਰਟਗੇਜਰ) ਮਕਾਨ ਨੰ. 428, ਕਾਲਜ ਰੋਡ, ਸਿਵਲ ਲਾਈਨਜ਼, ਲੁਧਿਆਣਾ-141008	284 ਵਰਗ ਗਜ਼ ਦੀ ਪੈਮਾਇਸ਼ ਵਾਲੀ ਐੱਮ. ਸੀ. ਨੰ. ਬੀ-V-1133 (ਨਵਾਂ) ਅਤੇ ਬੀ-IV-61 (ਪੁਰਾਣਾ) ਦੀ ਜਾਇਦਾਦ/ਮਕਾਨ ਜੋ ਪੁਰਾਣਾ ਬਾਜ਼ਾਰ, ਮੁਹੱਲਾ ਸੋਨੀਆ, ਲੁਧਿਆਣਾ ਵਿਖੇ ਸਥਿਤ ਹੈ। ਇਸ ਦਾ ਵੇਰਵਾ ਇੰਝ ਹੈ : 142 ਵਰਗ ਗਜ਼ ਦੀ ਪੈਮਾਇਸ਼ ਵਾਲਾ ਰਕਬਾ ਜੋ ਵਸੀਕਾ ਨੰ. 19384 ਮਿਤੀ 25.01.1993 ਵਾਲੇ ਸੇਲ ਡੀਡ ਅਨੁਸਾਰ ਪ੍ਰੀਤੀ ਜੈਨ ਪਤਨੀ ਮੁਕੇਸ਼ ਕੁਮਾਰ ਜੈਨ ਦੀ ਮਾਲਕੀ ਹੇਠ ਹੈ। ਹੱਦਬੰਦੀ– ਪੂਰਬ-ਨਿਰਮਲਾ ਰਾਣੀ 69 ਫੁੱਟ, ਪੱਛਮ- ਸੁਭਾਸ਼ ਚੰਦਰ ਤੇ ਸ਼੍ਰੀਨਿਵਾਸ 43 ਫੁੱਟ 8 ਇੰਚ+31 ਫੁੱਟ 3 ਇੰਚ, ਉੱਤਰ- ਗਲੀ 31 ਫੁੱਟ 6 ਇੰਚ, ਦੱਖਣ-ਗਲੀ 42' ਰਕਬਾ ਪੈਮਾਇਸ਼ 142 ਵਰਗ ਗਜ਼ ਸੇਲ ਡੀਡ ਵਸੀਕਾ ਨੰ. 19385 ਮਿਤੀ 25.1.1993 ਅਨੁਸਾਰ ਮੁਕੇਸ਼ ਕੁਮਾਰ ਜੈਨ ਪੁੱਤਰ ਰਾਮ ਰਛਪਾਲ ਦੀ ਮਾਲਕੀ ਹੇਠ ਹੈ। ਹੱਦਬੰਦੀ-ਪੂਰਬ-ਨਿਰਮਲਾ ਰਾਣੀ 69 ਫੁੱਟ, ਪੱਛਮ- ਸੁਭਾਸ਼ ਚੰਦਰ ਤੇ ਸ਼੍ਰੀਨਿਵਾਸ 43 ਫੁੱਟ 8 ਇੰਚ+31 ਫੁੱਟ 3 ਇੰਚ, ਉੱਤਰ- ਗਲੀ 31 ਫੁੱਟ 6 ਇੰਚ, ਦੱਖਣ-ਗਲੀ 42 ਇੰਚ।	13-03-2023 1,64,29,947.77 ਰੁਪਏ ਮਿਤੀ 13.03.2023 ਨੂੰ 14.03.2023 ਤੋਂ ਅਗਲੇ ਵਿਆਜ ਤੇ ਹੋਰ ਚਾਰਜਿਜ਼ ਸਮੇਤ।	19-03-2026 ਭੌਤਿਕ ਕਬਜ਼ਾ	Rs. 1,22,00,000/- Rs. 12,20,000/- Rs. 2,00,000/-	ਇਕ ਸਿਵਲ ਮੁਕੱਦਮਾ CS7846-2022 ਮੈਸਰਜ਼ ਸ਼ਰਮਨ ਵੂਲਨ ਮਿੱਲਜ਼ ਪ੍ਰਾ. ਲਿਮ. ਬਨਾਮ ਪੰਜਾਬ ਨੈਸ਼ਨਲ ਬੈਂਕ ਸਿਵਲ ਜੱਜ, ਸੀਨੀਅਰ ਡਵੀਜ਼ਨ, ਲੁਧਿਆਣਾ, ਪੰਜਾਬ ਕੋਲ ਪੈਂਡਿੰਗ ਹੈ।
6.	PUNB827329869 ਪ੍ਰਸ਼ਾਂਤ ਸ਼ਰਮਾ 77175 - 76905 ਅਮਨਦੀਪ ਸਿੰਘ ਪੁੱਤਰ ਬਿਕਰਮਜੀਤ ਸਿੰਘ, ਪ੍ਰਭਜੋਤ ਕੌਰ ਪਤਨੀ ਅਮਨਦੀਪ ਸਿੰਘ (ਸਹਿਕਰਜ਼ਦਾਰ) ਦੋਵੇਂ ਵਾਸੀ ਮਕਾਨ ਨੰ. 88, ਗਲੀ ਨੰ. 9, ਐੱਸ.ਬੀ.ਐੱਸ. ਨਗਰ, ਨੇੜੇ ਮਹਾਵੀਰ ਮਾਡਲ ਸਕੂਲ, ਲੁਧਿਆਣਾ-141006	ਰਿਹਾਇਸ਼ੀ ਜਾਇਦਾਦ ਜਿਸ ਦਾ ਰਕਬਾ 152.00 ਵਰਗ ਗਜ਼ ਹੈ, ਦੀ ਈ. ਕਿਊ. ਐੱਮ. ਇਸ ਦਾ ਖਸਰਾ ਨੰ. 8269/1612/2, ਖਾਤਾ ਨੰ. 2700/3537 ਹੈ ਦੀ 2000-01ਲਈ ਜਮ੍ਹਾਬੰਦੀ ਹੋਈ ਹੈ ਇਹ ਪਿੰਡ ਗਿੱਲ ਨੰ-2, ਐੱਚ. ਬੀ. 263 ਤਹਿਸੀਲ ਤੇ ਜ਼ਿਲਾ ਲੁਧਿਆਣਾ ਦੇ ਨਾਂ ਹੈ, ਅਮਨਦੀਪ ਸਿੰਘ ਪੁੱਤਰ ਵਿਕਰਮਜੀਤ ਸਿੰਘ ਦੇ ਨਾਂ ’ਤੇ ਹੈ। ਇਸ ਦਾ ਵਿਕਰੀ ਡੀਡ ਵਸੀਕਾ ਨੰ. 23232 ਮਿਤੀ 27.02.2004 ਹੈ।	01.05.2016 ਰੁ. 30,10,501.36 ਮਿਤੀ 30.04.2016 ਤੱਕ ਸਮੇਤ ਭਵਿੱਖ ਦੇ ਵਿਆਜ 01.05.2016 ਤੋਂ ਲਾਗੂ ਅਤੇ ਹੋਰ ਖਰਚੇ	02.11.2017 ਸੰਕੇਤਕ ਕਬਜ਼ਾ	Rs. 28,80,000/- Rs. 2,88,000/- Rs. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
7.	PUNB45400010332 ਰਾਹੁਲ ਵਰਮਾ 90005 - 30309 (1) ਮੈਸਰਜ਼ ਸਾਰੰਗ ਇੰਟਰਨੈਸ਼ਨਲ (ਪਾਰਟਨਰਜ਼ ਰੋਹਿਤ ਮਲਹੋਤਰਾ ਤੇ ਨਵੀਨ ਮਲਹੋਤਰਾ ਰਾਹੀਂ), ਕਪਿਲ ਪਾਰਕ, ਵਾਈ-ਬਲਾਕ ਚੌਕ, ਸਾਹਮਣੇ ਰਿਸ਼ੀ ਨਗਰ, ਹੰਬੜਾਂ ਰੋਡ, ਲੁਧਿਆਣਾ-141001, (2) ਨਵੀਨ ਮਲਹੋਤਰਾ ਪੁੱਤਰ ਹੰਸ ਰਾਜ ਮਲਹੋਤਰਾ (ਪਾਰਟਨਰ), ਮ. ਨੰ. 84-ਬੀ, ਨੇੜੇ ਧਾਮੀ ਆਈ ਹਾਸਪੀਟਲ, ਕਿਚਲੂ ਨਗਰ, ਲੁਧਿਆਣਾ-141001, (3) ਰੋਹਿਤ ਮਲਹੋਤਰਾ ਪੁੱਤਰ ਹੰਸ ਰਾਜ ਮਲਹੋਤਰਾ (ਪਾਰਟਨਰ/ਮਾਰਟਗੇਜਰ/ਗਾਰੰਟਰ), ਮ. ਨੰ. 84-ਬੀ, ਨੇੜੇ ਧਾਮੀ ਆਈ ਹਾਸਪੀਟਲ, ਕਿਚਲੂ ਨਗਰ, ਲੁਧਿਆਣਾ-141008, (4) ਡੌਲੀ ਮਲਹੋਤਰਾ ਪਤਨੀ ਨਵੀਨ ਮਲਹੋਤਰਾ (ਮਾਰਟਗੇਜਰ/ਗਾਰੰਟਰ), ਮ. ਨੰ. 84-ਬੀ, ਨੇੜੇ ਧਾਮੀ ਆਈ ਹਾਸਪੀਟਲ, ਕਿਚਲੂ ਨਗਰ, ਲੁਧਿਆਣਾ-141008.	(1) 115 ਵਰਗ ਗਜ਼ ਦੀ ਪੈਮਾਇਸ਼ ਅਤੇ ਐੱਮ. ਸੀ. ਨੰ. ਬੀ-1-1446/10/2ਏ, ਖਸਰਾ ਨੰ. 7//13/1, 7//8/2, ਖਾਤਾ ਨੰ. 222/232, 223/233 ਵਾਲੀ ਜਾਇਦਾਦ। ਸਾਲ 2009-2010 ਲਈ ਜਮ੍ਹਾਂਬੰਦੀ ਅਨੁਸਾਰ ਇਹ ਜਾਇਦਾਦ ਹੈਬੋਵਾਲ ਖੁਰਦ, ਐੱਚ. ਬੀ. ਨੰ. 158, ਆਬਾਦੀ ਕਪਿਲ ਪਾਰਕ, ਲੁਧਿਆਣਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਵਸੀਕਾ ਨੰ. 77 ਮਿਤੀ 05.04.2011 ਰਾਹੀਂ ਰੋਹਿਤ ਮਲਹੋਤਰਾ ਪੁੱਤਰ ਹੰਸ ਰਾਜ ਮਲਹੋਤਰਾ ਨਾਲ ਸਬੰਧਤ ਹੈ (230 ਵਰਗ ਗਜ਼ ਦੇ ਕੁਲ ਰਕਬੇ ’ਚੋਂ 115 ਵਰਗ ਗਜ਼ ਡੌਲੀ ਮਲਹੋਤਰਾ ਪਤਨੀ ਨਵੀਨ ਮਲਹੋਤਰਾ ਨੂੰ ਵਸੀਕਾ ਨੰ. 1903 ਮਿਤੀ 29.05.2014 ਰਾਹੀਂ ਵੇਚਿਆ ਗਿਆ ਹੈ, ਜੋ ਸਬ-ਰਜਿਸਟ੍ਰਾਰ, ਵੈਸਟ ਲੁਧਿਆਣਾ ਦੇ ਦਫਤਰ ’ਚ ਰਜਿਸਟਰਡ ਹੈ)।(2) 115 ਵਰਗ ਗਜ਼ ਦੀ ਪੈਮਾਇਸ਼ ਅਤੇ ਐੱਮ. ਸੀ. ਨੰ. ਬੀ-1-1446/10/2ਏ, ਖਾਤਾ ਨੰ. 222/232, 223/233 ਵਾਲੀ ਜਾਇਦਾਦ। ਸਾਲ 2009-2010 ਲਈ ਜਮ੍ਹਾਂਬੰਦੀ ਅਨੁਸਾਰ ਇਹ ਜਾਇਦਾਦ ਹੈਬੋਵਾਲ ਖੁਰਦ, ਐੱਚ. ਬੀ. ਨੰ. 158, ਆਬਾਦੀ ਕਪਿਲ ਪਾਰਕ, ਲੁਧਿਆਣਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਵਸੀਕਾ ਨੰ. 1903 ਮਿਤੀ 29.05.2014 ਰਾਹੀਂ ਡੌਲੀ ਮਲਹੋਤਰਾ ਪਤਨੀ ਨਵੀਨ ਮਲਹੋਤਰਾ ਨਾਲ ਸਬੰਧਤ ਹੈ। 230 ਵਰਗ ਗਜ਼ ਦੀ ਕੁਲ ਪੈਮਾਇਸ਼ ਵਾਲੀ ਜਾਇਦਾਦ ਦੀ ਹੱਦਬੰਦੀ—ਪੂਰਬ : ਗਲੀ 16’-06 ਚੌੜੀ-ਪੈਮਾਇਸ਼ 36’-0”, ਪੱਛਮ : ਡਾ. ਪੱਬੀ ਪੈਮਾਇਸ਼ 36’-0”, ਉੱਤਰ : ਓਮ ਪ੍ਰਕਾਸ਼ ਪੈਮਾਇਸ਼ 57’-6”, ਦੱਖਣ : ਗੁਆਂਢ ਪੈਮਾਇਸ਼ 57’-6”।	15.01.2020 2,64,49,997 ਰੁਪਏ ਮਿਤੀ 30.12.2019 ਤਕ ਚਾਰਜ ਹੋਏ ਵਿਆਜ ਸਮੇਤ ਜਮ੍ਹਾ 01.12.2019 ਤੋਂ ਅਗਲਾ ਵਿਆਜ ਮਨਫੀ ਵਸੂਲੀ (ਜੇ ਕੋਈ ਹੋਵੇ) ਮੁਕੰਮਲ ਭੁਗਤਾਨ ਨਾ ਹੋਣ ਤਕ।	15.09.2020 ਭੌਤਿਕ ਕਬਜ਼ਾ	Rs. 80,10,000/- Rs. 8,01,000/- Rs. 1,00,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ

ਨਿਯਮ ਤੇ ਸ਼ਰਤਾਂ : 1. ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਨਿਯਮ 2002 ’ਚ ਦਰਸਾਈਆਂ ਗਈਆਂ ਸ਼ਰਤਾਂ ਤੇ ਨਿਯਮਾਂ ਮੁਤਾਬਕ ਹੋਵੇਗੀ। ਨਾਲ ਹੀ ਇਨ੍ਹਾਂ ਸ਼ਰਤਾਂ ਮੁਤਾਬਕ ਵੀ ਹੋਵੇਗੀ। 2. ਜਾਇਦਾਦਾਂ ਦੀ ਵਿਕਰੀ ‘ਜਿਵੇਂ ਹੈ ਜਿਥੇ ਹੈ’, ‘ਜੋ ਹੈ ਜਿਥੇ ਹੈ’ ਅਤੇ ‘ਜੋ ਹੈ ਜਿਥੇ ਹੈ’ ਦੇ ਆਧਾਰ ’ਤੇ ਹੋਵੇਗੀ। 3. ਸਕਿਓਰਡ ਐਸੇਟਸ ਦੇ ਜੋ ਵੇਰਵੇ ਉਪਰੋਕਤ ਸ਼ਡਿਊਲ ’ਚ ਦਿੱਤੇ ਗਏ ਹਨ, ਅਧਿਕਾਰਤ ਅਫਸਰੀ ਦੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਕ ਹਨ ਪਰ ਅਧਿਕਾਰਤ ਅਫਸਰ ਕਿਸੇ ਗਲਤੀ, ਗਲਤ ਬਿਆਨਬਾਜ਼ੀ ਜਾਂ ਐਲਾਨਨਾਮੇ ’ਚ ਕੋਈ ਕੋਤਾਹੀ ਲਈ ਜਵਾਬਦੇਹ ਨਹੀਂ ਹੋਵੇਗਾ। 4.ਨਿਮਨਹਸਤਾਖਰੀ ਵਲੋਂ ਵਿਕਰੀ ਵੈੱਬਸਾਈਟ https://BAANKNET.com ’ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 26.11.2026 ਨੂੰ ਸਵੇਰੇ 11 ਤੋਂ ਸ਼ਾਮ 4 ਵਜੇ ਤਕ ਕੀਤੀ ਜਾਵੇਗੀ। ਵਿਕਰੀ ਦੇ ਵਿਸਥਾਰਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ https://BAANKNET.com ਦਾ ਹਵਾਲਾ ਲਵੋ। 5. ਰਾਖਵੀਂ ਕੀਮਤ ਤੋਂ ਉੱਪਰ ਅਤੇ ਵੱਧ, ਘੱਟ-ਘੱਟ ਇਕ ਬੋਲੀ ਦੀ ਰਕਮ ਲਾਜ਼ਮੀ ਹੈ। ਬਕਾਇਆ ਚਾਰਜਿਜ਼/ਬਿਜਲੀ ਦਾ ਬਿੱਲ, ਹਾਊਸ ਟੈਕਸ ਆਦਿ ਨਿਲਾਮੀ ਖਰੀਦਦਾਰ ਵਲੋਂ ਸਹਿਣ ਕੀਤੇ ਜਾਣਗੇ। 6. ਇਹ ਵਿਕਰੀ ਡੈਬਟਸ ਰਿਕਵਰੀ ਟ੍ਰਿਬਿਊਨਲ ਦੇ ਸਨਮੁੱਖ ਕਿਸੇ ਵੀ ਬਕਾਇਆ ਕਾਰਵਾਈ, ਜਿਸ ਵਿਚ ਕੋਈ ਵੀ ਸਕਿਓਰਟਾਈਜ਼ੇਸ਼ਨ ਅਰਜ਼ੀ (ਜੇ ਕੋਈ ਹੋਵੇ) ਸ਼ਾਮਲ ਹੈ, ਦੇ ਅਧੀਨ ਹੋਵੇਗੀ। ਸੰਭਾਵਤ ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮਾਲਕੀ, ਭਾਰ, ਕਬਜ਼ੇ ਦੀ ਸਥਿਤੀ, ਵਾਧੂ ਸਰਕਾਰੀ ਬਕਾਏ ਅਤੇ ਚੱਲ ਰਹੇ ਮੁਕੱਦਮਿਆਂ (ਜੇ ਕੋਈ ਹੋਣ) ਬਾਰੇ ਸੁਤੰਤਰ ਤੌਰ ’ਤੇ ਪੜਤਾਲ ਕਰ ਲੈਣ।

ਸਰਫੇਸੀ ਐਕਟ 2002 ਦੇ ਰੂਲ 9(1) ਅਧੀਨ ਵਿਧਾਨਕ ਵਿਕਰੀ ਨੋਟਿਸ

ਮਿਤੀ : : 04.11.2026 ਥਾਂ : ਲੁਧਿਆਣਾ ਅਧਿਕਾਰਤ ਅਫਸਰ-ਪੰਜਾਬ ਨੈਸ਼ਨਲ ਬੈਂਕ (ਸਕਿਓਰਡ ਕ੍ਰੈਡਿਟਰ)